## ਅਧਿਆਇ 15

# ਵਾਅਦੇ ਦੀ ਧਰਤੀ ਵਿਚ ਜੀਵਨ ਦੇ ਵਾਅਦੇ

ਲੋਕਾਂ ਦੇ ਨਿਹਚਾ ਤੋਂ ਫਿਰ ਜਾਣ ਦੇ ਵਿਰਤਾਂਤ ਤੋਂ ਤੁਰੰਤ ਬਾਅਦ, ਗਿਣਤੀ ਦੀ ਪੁਸਤਕ ਉਨ੍ਹਾਂ ਭੇਟਾਂ ਸੰਬੰਧੀ ਇਕ ਅਧਿਆਇ ਨੂੰ ਸ਼ਾਮਲ ਕਰਦੀ ਹੈ ਜੋ ਇਸਰਾਏਲੀਆਂ ਨੇ ਉਨ੍ਹਾਂ ਦੇ ਕਨਾਨ ਵਿਚ ਦਾਖਲ ਹੋਣ ਤੋਂ ਬਾਅਦ ਪਰਮੇਸ਼ੁਰ ਦੇ ਅੱਗੇ ਚੜ੍ਹਾਉਣੀਆਂ ਸਨ। ਉਨ੍ਹਾਂ ਨੂੰ ਮੈਦੇ, ਤੇਲ ਅਤੇ ਮਧ ਸੰਬੰਧੀ ਜੋ ਜਾਨਵਰਾਂ ਦੀਆਂ ਭੇਟਾਂ ਦੇ ਨਾਲ ਚੜ੍ਹਾਏ ਜਾਣੇ ਸਨ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਤੌਣ ਦੇ ਪਹਿਲੇ ਪੇੜੇ ਨੂੰ "ਪਿੜ ਦੀ ਹਿਲਾਉਣ ਦੀ ਭੇਟ" ਦੇ ਰੂਪ ਵਿਚ ਚੜ੍ਹਾਉਣ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਸਨ (15:20)। ਇਸ ਤੋਂ ਬਾਅਦ, ਇਕ ਹਵਾਲਾ ਦਿੱਤਾ ਗਿਆ ਹੈ ਜੋ "ਅਣਜਾਣੇ ਵਿਚ" ਪਾਪ ਕਰਨ (15:24) ਅਤੇ "ਜ਼ਬਰਦਸਤੀ" ਪਾਪਾਂ ਨੂੰ ਕਰਨ (15:30) ਵਿਚਕਾਰ ਫ਼ਰਕ ਨੂੰ ਵਿਖਾਉਂਦਾ ਹੈ। ਇਸ ਸਮੇਂ ਦੌਰਾਨ, ਸਬਤ ਨੂੰ ਤੋੜਨ ਵਾਲੇ ਨੂੰ ਪਥਰਾਉ ਕਰਨ ਦੇ ਬਾਰੇ ਇਕ ਵਿਰਤਾਂਤ ਸ਼ਾਮਲ ਕੀਤਾ ਗਿਆ ਹੈ, ਜੋ ਸਪੱਸ਼ਟ ਤੌਰ ਤੇ ਇਸ ਦਾ ਉਦਾਹਰਣ ਦਿੰਦਾ ਹੈ ਕਿ ਜਿਹੜੇ ਜ਼ਬਰਦਸਤੀ ਪਾਪ ਕਰਨ ਦੇ ਦੋਸ਼ੀ ਪਾਏ ਜਾਂਦੇ ਸਨ ਉਨ੍ਹਾਂ ਨਾਲ ਕੀ ਕੀਤਾ ਜਾਣਾ ਸੀ। ਅੰਤ ਵਿਚ, ਪਰਮੇਸ਼ੁਰ ਨੇ ਮੰਗ ਕੀਤੀ ਸੀ ਕਿ ਲੋਕ ਉਨ੍ਹਾਂ ਨੂੰ ਉਸ ਦੇ ਹੁਕਮਾਂ ਨੂੰ ਚੇਤੇ ਕਰਾਉਣ ਦੇ ਲਈ ਆਪਣੇ ਬਸਤ੍ਰ ਦੀ ਕਿਨਾਰੀ ਉੱਤੇ ਝਾਲਰ ਲਾਉਣ (15:37-41)।

ਇਸ ਅਧਿਆਇ ਦੀ ਵਿਆਖਿਆ ਕਰਦਿਆਂ, ਕੋਈ ਇਹ ਸਵਾਲ ਖੜ੍ਹਾ ਕਰ ਸਕਦਾ ਹੈ ਕਿ ਇਹ ਸੰਦਰਭ ਨਾਲ ਕਿਵੇਂ ਸੰਬੰਧ ਰੱਖਦਾ ਹੈ। ਅਧਿਆਇ 15 ਦਾ ਉਸ ਨਾਲ ਕੋਈ ਸਪੱਸ਼ਟ ਸੰਬੰਧ ਨਹੀਂ ਹੈ ਜੋ ਇਸ ਤੋਂ ਪਹਿਲਾਂ ਅਤੇ ਜੋ ਇਸ ਤੋਂ ਬਾਅਦ ਆਉਂਦਾ ਹੈ। ਇਹ ਦ੍ਰਿਸ਼ਟੀਕੋਣ ਕਈ ਵਾਰ ਇਸ ਅਧਿਆਇ ਅਤੇ ਇਸ ਦੇ ਆਲੇ-ਦੁਆਲੇ ਦੇ ਅਧਿਆਵਾਂ ਵਿਚਕਾਰ ਕਿਸੇ ਵੀ ਸੰਬੰਧ ਤੋਂ ਇਨਕਾਰ ਕਰਨ ਦੇ ਲਈ ਅਪਨਾਇਆ ਗਿਆ ਹੈ।

ਉਸ ਵਿਚਾਰ ਦੇ ਉਲਟ, ਸਾਨੂੰ ਅਧਿਆਇ ਵਿਚ ਮਿਲਣ ਵਾਲੇ ਪ੍ਰਤੱਖ ਵਾਅਦਿਆਂ ਤੇ ਵਿਚਾਰ ਕਰਨਾ ਚਾਹੀਦਾ ਹੈ: (1) ਇਸਰਾਏਲੀ ਉਸ ਦੇਸ ਵਿਚ ਦਾਖਲ ਹੋਣਗੇ ਜਿਸ ਦਾ ਉਨ੍ਹਾਂ ਨੂੰ ਵਾਅਦਾ ਦਿੱਤਾ ਗਿਆ ਸੀ (15:2, 18)। (2) ਉਹ ਇੰਨੇ ਖੁਸ਼ਹਾਲ ਹੋਣਗੇ ਕਿ ਉਹ ਜਾਨਵਰਾਂ, ਮੈਦੇ, ਮਧ ਅਤੇ ਤੇਲ ਦੀਆਂ ਭੇਟਾਂ ਚੜ੍ਹਾਉਣਗੇ। (3) ਉਹ "ਉਸ ਧਰਤੀ ਦੀ ਰੋਟੀ" ਖਾਣਗੇ (15:19)। (4) ਉਹ ਇਕ ਸ਼ਾਂਤ ਜੀਵਨ ਜੀਣਗੇ ਜਿਸ ਦੇ ਵਿਚ ਉਹ ਤੌਣ ਦੇ ਪਹਿਲੇ ਪੇੜੇ ਦਾ ਫੁਲਕਾ ਚੜ੍ਹਾ ਸਕਦੇ ਸਨ (15:20)।

13 ਅਤੇ 14 ਅਧਿਆਵਾਂ ਤੋਂ ਬਾਅਦ ਵੱਡੇ ਪਾਪ ਦੇ ਵਿਨਾਸ਼ਕਾਰੀ ਨਤੀਜਿਆਂ ਦਾ ਵਿਰਤਾਂਤ ਆਉਂਦਾ ਹੈ, ਸਾਡੀ ਮੌਜੂਦਾ ਲਿਖਤ ਵਿਚ ਇਹ ਭਰੋਸੇ ਹਨ ਕਿ - ਇਸਰਾਏਲ ਦੇ ਪਾਪ ਦੇ ਬਾਵਜੂਦ - ਕੌਮ ਵਾਅਦੇ ਦੀ ਧਰਤੀ ਵਿਚ ਦਾਖਲ ਹੋਵੇਗੀ ਅਤੇ ਉੱਥੇ ਖੁਸ਼ਹਾਲ ਹੋਵੇਗੀ। ਇਸਰਾਏਲ ਦਾ ਪਾਪ ਪਰਮੇਸ਼ੁਰ ਨੂੰ ਆਪਣੇ ਵਾਅਦੇ ਨੂੰ ਪੂਰਾ ਕਰਨ ਤੋਂ ਨਹੀਂ ਰੋਕੇਗਾ। ਇਹ ਉਨ੍ਹਾਂ ਦੇ ਲਈ ਕਿੰਨਾ

ਸ਼ਾਨਦਾਰ ਭਰੋਸਾ ਰਿਹਾ ਹੋਵੇਗਾ ਜਿਨ੍ਹਾਂ ਨੂੰ ਸਭ ਤੋਂ ਪਹਿਲਾਂ ਬਿਵਸਥਾ ਮਿਲੀ ਸੀ! ਹਾਲਾਂਕਿ ਇਕ ਪੀੜ੍ਹੀ ਦਾ ਉਜਾੜ ਵਿਚ ਮਰਨਾ ਤੈਅ ਸੀ, ਕੌਮ ਬਚ ਜਾਵੇਗੀ ਅਤੇ ਵਾਅਦੇ ਦੀ ਧਰਤੀ ਦੀਆਂ ਬਰਕਤਾਂ ਦਾ ਅਨੰਦ ਮਾਣੇਗੀ।

ਗਿਣਤੀ 15 ਅਧਿਆਇ ਪੰਜ-ਅਧਿਆਵਾਂ ਦੇ ਇਕ ਭਾਗ ਨੂੰ ਆਰੰਭ ਕਰਦਾ ਹੈ ਜਿਸ ਦਾ ਕੇਂਦਰ-ਬਿੰਦੂ ਇਸਰਾਏਲ ਦਾ ਜਾਜਕਪੁਣਾ ਹੈ। ਅਧਿਆਵਾਂ ਦੇ ਵਿਸ਼ਿਆਂ ਦਾ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਜਾ ਸਕਦਾ ਹੈ।

| | |
|---|---|
| ਅਧਿਆਇ 15 | ਜਾਜਕਾਂ ਦੁਆਰਾ ਭੇਟਾਂ (ਖਾਸਕਰ ਇਸਰਾਏਲ ਦੇ ਕਨਾਨ ਵਿਚ ਪਹੁੰਚਣ ਤੋਂ ਬਾਅਦ)। |
| ਅਧਿਆਇ 16; 17 | ਹਾਰੂਨ ਦੇ ਜਾਜਕਾਂ ਨੂੰ ਪਰਮੇਸ਼ੁਰ ਦੁਆਰਾ ਦਿੱਤਾ ਹੋਇਆ ਇਖ਼ਤਿਆਰ। |
| ਅਧਿਆਇ 18 | ਜਾਜਕਾਂ ਅਤੇ ਉਨ੍ਹਾਂ ਦੇ ਸਹਾਇਕਾਂ, ਲੇਵੀਆਂ ਦੇ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀਆਂ। |
| ਅਧਿਆਇ 19 | ਪਰਜਾ ਨੂੰ ਅਸ਼ੁੱਧਤਾਈ ਤੋਂ ਸ਼ੁੱਧ ਕਰਨ ਦੇ ਲਈ ਜਾਜਕਾਂ ਦੀ ਸ਼ਮੂਲੀਅਤ। |

ਇਸ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ, ਤਾਂ ਪੂਰੇ ਭਾਗ ਦਾ ਉਦੇਸ਼ ਦੋ ਗੱਲਾਂ ਦਾ ਪਾਠ ਹੋ ਸਕਦਾ ਹੈ: (1) ਪਰਮੇਸ਼ੁਰ ਦੀ ਪਾਪੀ ਕੌਮ ਦੇ ਲਈ ਇਕਮਾਤਰ ਆਸ ਪਰਮੇਸ਼ੁਰ ਦੇ ਵੱਲ ਮੁੜਨ ਵਿਚ ਹੈ ਅਤੇ (2) ਠਹਿਰਾਇਆ ਗਿਆ ਜਾਜਕਪੁਣਾ ਪਰਮੇਸ਼ੁਰ ਦੁਆਰਾ ਨਿਯੁਕਤ ਕੀਤਾ ਗਿਆ ਉਹ ਵਸੀਲਾ ਸੀ ਜਿਸ ਦੇ ਰਾਹੀਂ ਪਰਜਾ ਮਾਫ਼ੀ ਦੇ ਲਈ ਪਰਮੇਸ਼ੁਰ ਕੋਲ ਜਾ ਸਕਦੀ ਸੀ।

## "ਯਹੋਵਾਹ ਲਈ ਅੱਗ ਦੀਆਂ" ਭੇਟਾਂ (15:1-16)

**1ਯਹੋਵਾਹ ਮੂਸਾ ਨੂੰ ਬੋਲਿਆ, 2ਇਸਰਾਏਲੀਆਂ ਨਾਲ ਗੱਲ ਕਰ ਅਰ ਆਖ ਭਈ 'ਜਦ ਤੁਸੀਂ
ਆਪਣੀ ਵੱਸਣ ਦੀ ਧਰਤੀ ਵਿੱਚ ਜਿਹੜੀ ਮੈਂ ਤੁਹਾਨੂੰ ਦਿੰਦਾ ਹਾਂ ਆਓ। 3ਅਤੇ ਜਦ ਤੁਸੀਂ ਯਹੋਵਾਹ
ਲਈ ਅੱਗ ਦੀ ਭੇਟ ਭਾਵੇਂ ਹੋਮ ਦੀ ਭਾਵੇਂ ਬਲੀ ਦੀ ਚੜ੍ਹਾਓ ਤਾਂ ਜੋ ਤੁਸੀਂ ਸੁੱਖਣਾ ਪੂਰੀ ਕਰੋ ਅਥਵਾ
ਖੁਸ਼ੀ ਦੀ ਭੇਟ ਵਾਂਙੁ ਤਾਂ ਜੋ ਯਹੋਵਾਹ ਲਈ ਸੁਗੰਧਤਾ ਚੌਣੇ ਤੋਂ ਯਾ ਇੱਜੜ ਤੋਂ ਹੋਵੇ। 4ਤਾਂ ਚੜ੍ਹਾਉਣ
ਵਾਲਾ ਯਹੋਵਾਹ ਲਈ ਮੈਦੇ ਦੀ ਭੇਟ ਲਈ ਏਫੇ ਦਾ ਦਸਵਾਂ ਹਿੱਸਾ ਮੈਦੇ ਦਾ ਹੀਨ ਦਾ ਚੌਥਾ ਹਿੱਸਾ
ਤੇਲ ਮਿਲਿਆ ਹੋਇਆ ਚੜ੍ਹਾਵੇ। 5ਅਤੇ ਪੀਣ ਦੀ ਭੇਟ ਲਈ ਹੀਨ ਦੀ ਚੌਥਾਈ ਮਧ ਹਰ ਲੇਲੇ ਪਿੱਛੇ
ਤੂੰ ਉਸ ਹੋਮ ਦੀ ਭੇਟ ਨਾਲ ਅਥਵਾ ਬਲੀ ਨਾਲ ਬਣਾ ਛੱਡ। 6ਛੱਤ੍ਰੇ ਦੇ ਨਾਲ ਮੈਦੇ ਦੀ ਭੇਟ ਦੋ
ਦਸਵੇਂ ਹਿੱਸੇ ਮੈਦੇ ਦੀ ਹੀਨ ਦੀ ਤਿਹਾਈ ਤੇਲ ਮਿਲਿਆ ਹੋਇਆ ਬਣਾ ਛੱਡ। 7ਅਤੇ ਪੀਣ ਦੀ ਭੇਟ
ਲਈ ਹੀਨ ਦੀ ਤਿਹਾਈ ਮਧ ਯਹੋਵਾਹ ਲਈ ਸੁਗੰਧਤਾ ਚੜ੍ਹਾ। 8ਜਦ ਤੂੰ ਹੋਮ ਦੀ ਭੇਟ ਅਥਵਾ
ਬਲੀ ਲਈ ਵਹਿੜਾ ਤਿਆਰ ਕਰੇਂ ਤਾਂ ਜੋ ਸੁੱਖਣਾ ਪੂਰੀ ਹੋਵੇ ਅਥਵਾ ਯਹੋਵਾਹ ਲਈ ਸੁਖ ਸਾਂਦ
ਦੀਆਂ ਭੇਟਾਂ ਹੋਣ। 9ਤਾਂ ਉਹ ਉਸ ਵਹਿੜੇ ਦੇ ਨਾਲ ਮੈਦੇ ਦੀ ਭੇਟ ਤਿੰਨ ਦਸਵੇਂ ਹਿੱਸੇ ਮੈਦੇ ਦੇ ਅੱਧਾ
ਹੀਨ ਤੇਲ ਮਿਲਿਆ ਹੋਇਆ ਚੜ੍ਹਾਵੇ। 10ਅਤੇ ਤੂੰ ਪੀਣ ਦੀ ਭੇਟ ਲਈ ਅੱਧਾ ਹੀਨ ਮਧ ਚੜ੍ਹਾ। ਉਹ
ਯਹੋਵਾਹ ਲਈ ਅੱਗ ਦੀ ਸੁਗੰਧਤਾ ਹੋਵੇ। 11ਇਉਂ ਹਰ ਬਲਦ, ਹਰ ਛੱਤ੍ਰੇ, ਹਰ ਲੇਲੇ, ਅਤੇ ਹਰ
ਮੇਮਨੇ ਲਈ ਕੀਤਾ ਜਾਵੇ। 12ਉਨ੍ਹਾਂ ਦੀ ਗਿਣਤੀ ਅਨੁਸਾਰ ਜਿਹੜੇ ਤੁਸੀਂ ਤਿਆਰ ਕਰਦੇ ਹੋ ਇਉਂ
ਹੀ ਤੁਸੀਂ ਹਰ ਇੱਕ ਲਈ ਉਨ੍ਹਾਂ ਦੀ ਗਿਣਤੀ ਅਨੁਸਾਰ ਕਰੋ। 13ਸਾਰੇ ਦੇਸੀ ਉਨ੍ਹਾਂ ਨਾਲ ਜਦ ਓਹ
ਯਹੋਵਾਹ ਲਈ ਅੱਗ ਦੀ ਸੁਗੰਧਤਾ ਚੜ੍ਹਾਉਣ ਇਉਂ ਹੀ ਕਰਨ। 14ਅਤੇ ਜੇ ਕੋਈ ਤੁਹਾਡੇ ਵਿੱਚ**

**ਟਿਕਿਆ ਹੋਇਆ ਪਰਦੇਸੀ ਅਥਵਾ ਜੇ ਕੋਈ ਤੁਹਾਡੇ ਵਿੱਚ ਤੁਹਾਡੀਆਂ ਪੀੜ੍ਹੀਆਂ ਤੋਂ ਰਹਿੰਦਾ ਹੋਵੇ ਅਤੇ ਉਹ ਯਹੋਵਾਹ ਲਈ ਅੱਗ ਦੀ ਸੁਗੰਧਤਾ ਚੜ੍ਹਾਵੇ ਤਾਂ ਜਿਵੇਂ ਤੁਸੀਂ ਕਰਦੇ ਹੋ ਉਹ ਵੀ ਕਰੇ। [15]ਸਭਾ ਲਈ ਇੱਕੋ ਹੀ ਬਿਧੀ ਤੁਹਾਡੇ ਲਈ ਅਤੇ ਉਸ ਪਰਦੇਸੀ ਲਈ ਹੋਵੇ ਅਤੇ ਏਹ ਬਿਧੀ ਤੁਹਾਡੀ ਪੀੜ੍ਹੀਓਂ ਪੀੜ੍ਹੀ ਸਦਾ ਲਈ ਹੋਵੇ ਜਿਵੇਂ ਤੁਸੀਂ ਤਿਵੇਂ ਪਰਦੇਸੀ ਯਹੋਵਾਹ ਅੱਗੇ ਹੋ। [16]ਇੱਕੋ ਬਿਵਸਥਾ ਅਤੇ ਇੱਕੋ ਹੀ ਕਾਨੂਨ ਤੁਹਾਡੇ ਲਈ ਅਤੇ ਉਸ ਪਰਦੇਸੀ ਲਈ ਹੈ ਜਿਹੜਾ ਤੁਹਾਡੇ ਵਿੱਚ ਟਿਕਿਆ ਹੋਇਆ ਹੋਵੇ।**

**ਆਇਤਾਂ 1-3. ਯਹੋਵਾਹ ਮੂਸਾ ਨੂੰ ਬੋਲਿਆ** ਅਤੇ ਉਹ ਹਦਾਇਤਾਂ ਦਿੱਤੀਆਂ ਜਿਨ੍ਹਾਂ ਦੀ **ਇਸਰਾਏਲੀਆਂ** ਵੱਲੋਂ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਮਗਰੋਂ ਪਾਲਣਾ ਕੀਤੀ ਜਾਣੀ ਸੀ:[1] **ਜਦ ਤੁਸੀਂ ਆਪਣੀ ਵੱਸਣ ਦੀ ਧਰਤੀ ਵਿੱਚ ਜਿਹੜੀ ਮੈਂ ਤੁਹਾਨੂੰ ਦਿੰਦਾ ਹਾਂ ਆਓ, ਤਾਂ ਯਹੋਵਾਹ ਲਈ ਅੱਗ ਦੀ ਭੇਟ ਚੜ੍ਹਾਓ।** ਇਹ ਹਦਾਇਤਾਂ ਉਨ੍ਹਾਂ ਭੇਟਾਂ ਸੰਬੰਧੀ ਸਨ ਜੋ "ਯਹੋਵਾਹ ਲਈ ਅੱਗ ਨਾਲ" ਚੜ੍ਹਾਈਆਂ ਜਾਣੀਆਂ ਸਨ (ਵੇਖੋ *ਵਾਧੂ ਅਧਿਐਨ: ਭੇਟਾਂ*, ਸਫ਼ਾ 139)। ਇਸ ਲਈ ਇਸਰਾਏਲੀਆਂ ਨੂੰ ਭਰੋਸਾ ਸੀ ਕਿ ਉਨ੍ਹਾਂ ਦੇ ਚਾਲੀ ਸਾਲ ਦੇਰੀ ਦੇ ਬਾਵਜੂਦ, ਕੌਮ ਕਨਾਨ ਵਿਚ ਦਾਖਲ ਹੋਵੇਗੀ। ਇਨ੍ਹਾਂ ਭੇਟਾਂ ਦਾ ਬਲੀਆਂ ਦਾ ਜ਼ਿਕਰ ਕੀਤਾ ਗਿਆ ਸੀ:

1. **ਹੋਮ ਦੀ ਬਲੀ**, ਜਿਸ ਦੇ ਵਿਚ ਪੂਰਾ ਪਸ਼ੂ ਅੱਗ ਨਾਲ ਭਸਮ ਹੋ ਜਾਂਦਾ ਸੀ।
2. ਦੋ ਤਰ੍ਹਾਂ ਦੀਆਂ ਸੁਖ ਸਾਂਦ ਦੀਆਂ ਬਲੀਆਂ, **ਖੁਸ਼ੀ ਦੀ ਭੇਟ** ਅਤੇ **ਸੁੱਖਣਾ ਪੂਰੀ ਕਰਨ ਦੀ ਭੇਟ** (ਸੁੱਖਣਾ ਦੀ ਭੇਟ), ਜਿਸ ਦੇ ਵਿਚ ਪਸ਼ੂ ਦਾ ਕੁਝ ਹਿੱਸਾ ਜਗਵੇਦੀ ਤੇ ਸਾੜਿਆ ਜਾਂਦਾ ਸੀ ਅਤੇ ਕੁਝ ਹਿੱਸਾ ਉਨ੍ਹਾਂ ਜਾਜਕਾਂ ਦੁਆਰਾ ਖਾਧਾ ਜਾਂਦਾ ਸੀ ਜਿਹੜੇ ਭੇਟ ਚੜ੍ਹਾ ਰਹੇ ਸਨ।[2]
3. **ਠਹਿਰਾਏ ਹੋਏ ਸਮਿਆਂ** ਜਾਂ ਇਸਰਾਏਲ ਦੇ ਪਰਬਾਂ ਦੇ ਸੰਬੰਧ ਵਿਚ ਦਿੱਤੀਆਂ ਜਾਣ ਵਾਲੀਆਂ ਬਲੀਆਂ।

**ਆਇਤਾਂ 4-10.** ਹਦਾਇਤਾਂ ਜਾਨਵਰ ਦੀ **ਬਲੀ** ਦੇ ਨਾਲ **ਮੈਦੇ ਦੀ ਭੇਟ ... ਤੇਲ ਮਿਲਿਆ**, ਨਾਲੇ **ਪੀਣ ਦੀ ਭੇਟ ਲਈ ਮਧ** ਚੜ੍ਹਾਉਣ ਦੀ ਮੰਗ ਕਰਦੀਆਂ ਸਨ। "ਮੈਦੇ ਦੀ ਭੇਟ" ਜੋ ਹੋਮ ਦੀ ਬਲੀ ਦੇ ਰੂਪ ਵਿਚ ਚੜ੍ਹਾਈ ਗਈ ਸੀ ਪਸ਼ੂ ਦੇ ਨਾਲ ਜਗਵੇਦੀ ਤੇ ਹੀ ਭਸਮ ਹੋ ਗਈ ਸੀ। ਇਸ ਗੱਲ ਦਾ ਪਤਾ ਨਹੀਂ ਹੈ ਕਿ "ਪੀਣ ਦੀ ਭੇਟ" ਹੋਮ ਦੀ ਬਲੀ ਵਿਚ ਪਸ਼ੂ ਤੇ ਉਂਡੇਲੀ ਗਈ ਸੀ ਜਾਂ ਜਗਵੇਦੀ ਦੇ ਪੈਰਾ ਵਿਚ ਉਂਡੇਲੀ ਗਈ ਸੀ। ਜੈਕਬ ਮਿਲਗਰੋਮ ਨੇ ਸੋਚਿਆ ਕਿ ਜਗਵੇਦੀ ਤੇ ਚੜ੍ਹਾਏ ਗਏ ਪਸ਼ੂ ਦੇ ਮਾਸ ਨਾਲ ਮੈਦੇ ਅਤੇ ਮਧ ਨੇ ਇਸ ਨੂੰ ਸੰਪੂਰਨ ਭੋਜਨ ਦੇ ਬਰਾਬਰ ਬਣਾ ਦਿੱਤਾ ਸੀ।[3] ਜਿੰਨਾ ਵੱਡਾ ਪਸ਼ੂ ਹੁੰਦਾ ਸੀ, ਓਨੀ ਵੱਡੀ ਮੈਦੇ ਅਤੇ ਮਧ ਦੀ ਭੇਟ ਹੁੰਦੀ ਸੀ। 15:4-10 ਵਿਚ **ਲੇਲੇ**, **ਛੱਤ੍ਰੇ** ਅਤੇ **ਵਹਿੜੇ** ਦੇ ਲਈ ਵਿਵਰਣ ਦਿੱਤੇ ਗਏ ਸਨ:

| | | | |
|---|---|---|---|
| ਲੇਲਾ | $\frac{1}{10}$ ਮੈਦੇ ਦਾ ਏਫਾਹ | $\frac{1}{4}$ ਹੀਨ ਦਾ ਤੇਲ | $\frac{1}{4}$ ਹੀਨ ਦੀ ਮਧ |
| ਛੱਤ੍ਰਾ | $\frac{2}{10}$ ਮੈਦੇ ਦਾ ਏਫਾਹ | $\frac{1}{3}$ ਹੀਨ ਦਾ ਤੇਲ | $\frac{1}{3}$ ਹੀਨ ਦੀ ਮਧ |
| ਵਹਿੜਾ | $\frac{3}{10}$ ਮੈਦੇ ਦਾ ਏਫਾਹ | $\frac{1}{2}$ ਹੀਨ ਦਾ ਤੇਲ | $\frac{1}{2}$ ਹੀਨ ਦੀ ਮਧ |

**ਏਫਾਹ** ਸ਼ਬਦ ਮੂਲ ਇਬਰਾਨੀ ਲਿਖਤ ਵਿਚ ਨਹੀਂ ਮਿਲਦਾ ਹੈ, ਪਰ ਇਹ ਸੰਦਰਭ ਤੋਂ ਸਮਝਿਆ ਜਾਂਦਾ ਹੈ। ਇਹ "ਲਗਭਗ 1.5 ਤੋਂ ਲੈ ਕੇ 2.5 ਗੈਲਨ ਦਾ ਤੋਲ, ਜਾਂ ਇਕ ਬੁਸ਼ਲ ਦਾ ਤਿੰਨ-ਅੱਠ ਤੋਂ ਦੋ-ਤਿਹਾਈ ਸੀ।"[4] **ਹੀਨ** ਦਾ ਇਕ ਮਿਸਰੀ ਤਰਲ ਪਦਾਰਥ ਦੇ ਰੂਪ ਵਿਚ ਮਾਪ ਲਗਭਗ ਇਕ ਕਵਾਰਟ (ਚੌਥਾਈ ਗੈਲਨ) ਦਾ ਅੱਧ ਸੀ। ਇਸਰਾਏਲੀ ਹੀਨ ਇਕ ਗੈਲਨ ਤੋਂ ਥੋੜ੍ਹੀ

ਜਿਹੀ ਘੱਟ ਸੀ।[5] NASB ਬਾਈਬਲ ਦੀਆਂ ਕੁਝ ਨਕਲਾਂ ਵਿਚ ਇਕ ਟਿੱਪਣੀ ਇਸ ਨੂੰ ਲਗਭਗ ਇਕ ਗੈਲਨ ਦੇ ਰੂਪ ਵਿਚ ਪਰਿਭਾਸ਼ਿਤ ਕਰਦੀ ਹੈ। ਇਸ ਲਈ, ¼ ਹੀਨ ਲਗਭਗ ਇਕ ਕਵਾਰਟ (ਚੌਥਾਈ ਗੈਲਨ) ਦੇ ਬਰਾਬਰ ਹੋਵੇਗਾ।

ਪੈਰ੍ਹਾ ਇਕ ਸੰਖੇਪ ਕਥਨ ਨਾਲ ਖਤਮ ਹੁੰਦਾ ਹੈ, ਜੋ ਇਸ ਗੱਲ ਤੇ ਬਲ ਦਿੰਦਾ ਹੈ ਕਿ ਇਸਰਾਏਲੀਆਂ ਨੂੰ ਇਨ੍ਹਾਂ ਮੰਗਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਕਰ ਉਹ ਇਨ੍ਹਾਂ ਦੀ ਪਾਲਣਾ ਕਰਦੇ, ਉਨ੍ਹਾਂ ਦੀਆਂ ਭੇਟਾਂ **ਯਹੋਵਾਹ ਲਈ ਸੁਗੰਧਤਾ ਚੜ੍ਹਾਉਣਾ** ਹੋਵੇਗਾ (ਵੇਖੋ 15:13, 14, 24) - ਅਰਥਾਤ, ਉਨ੍ਹਾਂ ਦੀਆਂ ਭੇਟਾਂ ਪਰਮੇਸ਼ੁਰ ਨੂੰ ਪ੍ਰਸੰਨ ਕਰਨਗੀਆਂ।

**ਆਇਤਾਂ 11-13.** ਇਨ੍ਹਾਂ ਨਿਯਮਾਂ ਬਾਰੇ ਦੋ ਹੋਰ ਤੱਥਾਂ ਤੇ ਜ਼ੋਰ ਦਿੱਤਾ ਗਿਆ ਹੈ। ਉਨ੍ਹਾਂ ਦੀ ਪਾਲਣਾ ਹਰ ਪਸ਼ੂ ਦੀ ਬਲੀ ਦੇਣ ਦੇ ਲਈ ਕੀਤੀ ਜਾਣੀ ਸੀ, ਜਿਸ ਵਿਚ ਉਹ ਵੀ ਸ਼ਾਮਲ ਸਨ ਜਿਹੜੇ ਮੁਫ਼ਤ ਅਤੇ ਲੋੜ ਤੋਂ ਬਾਹਰ ਚੜ੍ਹਾਈਆਂ ਜਾਂਦੀਆਂ ਸਨ: **ਹਰ ਬਲਦ, ... ਹਰ ਛੱਤ੍ਰੇ** ਅਤੇ **ਹਰ ਲੇਲੇ ਅਤੇ ਹਰ ਮੇਮਨੇ**। ਆਇਤ 12 ਦੀ ਜ਼ਿਆਦਾ ਪਸੰਦੀਦਾ ਵਿਆਖਿਆ ਇਹ ਪ੍ਰਤੀਤ ਹੁੰਦੀ ਹੈ: **ਉਨ੍ਹਾਂ ਦੀ ਗਿਣਤੀ ਅਨੁਸਾਰ ਜਿਹੜੇ ਤੁਸੀਂ ਤਿਆਰ ਕਰਦੇ ਹੋ ਇਉਂ ਹੀ ਤੁਸੀਂ ਹਰ ਇੱਕ ਲਈ ਉਨ੍ਹਾਂ ਦੀ ਗਿਣਤੀ ਅਨੁਸਾਰ ਕਰੋ।** ਬਿਵਸਥਾ ਕੁਝ ਭੇਟਾਂ ਦੀ ਮੰਗ ਕਰਦੀ ਸੀ ਪਰ ਉਸ ਨੇ ਦੂਜੀਆਂ ਭੇਟਾਂ ਚੜ੍ਹਾਉਣ ਦੇ ਲਈ ਅਰਾਧਕਾਂ ਨੂੰ ਅਜ਼ਾਦ ਛੱਡਿਆ ਸੀ ਜਦੋਂ ਉਹ ਖਾਸ ਕਰਕੇ ਪਰਮੇਸ਼ੁਰ ਦਾ ਧੰਨਵਾਦੀ ਹੁੰਦਾ ਸੀ। ਆਇਤ ਸਿੱਖਿਆ ਦਿੰਦੀ ਹੈ ਕਿ ਇਕ ਵਿਅਕਤੀ ਜੋ ਕੋਈ ਵੀ ਭੇਟਾਂ ਚੜ੍ਹਾਉਂਦਾ ਸੀ - ਉਹ ਸਭ ਜੋ ਉਸ ਨੇ ਤਿਆਰ ਕੀਤੀਆਂ ਸਨ - ਉਸ ਨੇ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨੀ ਸੀ। ਉਨ੍ਹਾਂ ਦੀ ਪਾਲਣਾ ਹਰ ਇਸਰਾਏਲੀ (**ਸਾਰੇ ਦੇਸੀ**) ਦੁਆਰਾ ਕੀਤੀ ਜਾਣੀ ਸੀ। ਜਿਵੇਂ 15:2 ਵਿਚ ਹੈ, 13 ਆਇਤ ਦੇ ਸ਼ਬਦ ਉਸ ਸਮੇਂ ਦੀ ਉਡੀਕ ਕਰਦੇ ਸਨ ਜਦੋਂ ਇਸਰਾਏਲੀ ਵਾਅਦੇ ਦੀ ਧਰਤੀ ਵਿਚ ਰਹਿਣਗੇ ਅਤੇ ਉਨ੍ਹਾਂ ਨੂੰ ਉਸ ਧਰਤੀ ਦੇ "ਦੇਸੀ" ਸਮਝਿਆ ਜਾਵੇਗਾ।

**ਆਇਤਾਂ 14-16.** ਉਨ੍ਹਾਂ ਬਾਰੇ ਕੀ ਹੈ ਜਿਹੜੇ "ਦੇਸੀ" ਨਹੀਂ ਸਨ? ਪਰਮੇਸ਼ੁਰ ਨੇ ਆਖਿਆ, **ਜੇ ਕੋਈ ਤੁਹਾਡੇ ਵਿੱਚ ਟਿਕਿਆ ਹੋਇਆ ਪਰਦੇਸੀ ... ਅਤੇ ਉਹ ਯਹੋਵਾਹ ਲਈ ਅੱਗ ਦੀ ਸੁਗੰਧਤਾ ਚੜ੍ਹਾਵੇ ਤਾਂ ਜਿਵੇਂ ਤੁਸੀਂ ਕਰਦੇ ਹੋ ਉਹ ਵੀ ਕਰੇ।** "ਪਰਦੇਸੀ" (גֵּר, *ਜਰ)* ਜਿਸ ਨੇ ਇਸਰਾਏਲੀਆਂ ਨਾਲ ਸਫ਼ਰ ਕੀਤਾ ਸੀ ਅਤੇ "ਅੱਗ ਦੀ ਸੁਗੰਧਤਾ" ਚੜ੍ਹਾਈ ਸੀ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਦੇ ਲਈ ਮਜਬੂਰ ਸੀ ਜਿਨ੍ਹਾਂ ਦੀ ਪਾਲਣਾ ਇਕ ਇਸਰਾਏਲੀ ਵਿਅਕਤੀ ਕਰਦਾ ਸੀ, ਕਿਉਂਕਿ ਬਿਵਸਥਾ ਇਸਰਾਏਲੀਆਂ ਦੇ ਨਾਲ-ਨਾਲ ਹੋਰਨਾਂ ਤੇ ਵੀ ਓਨੀ ਹੀ ਲਾਗੂ ਹੁੰਦੀ ਸੀ ਜਿਹੜੇ ਉਨ੍ਹਾਂ ਨਾਲ **ਟਿਕੇ ਹੋਏ** ਸਨ; **ਇੱਕੋ ਹੀ ਬਿਧੀ** ਦੋਹਾਂ ਸਮੂਹਾਂ ਤੇ ਲਾਗੂ ਹੁੰਦੀ ਸੀ। ਇਹ ਪਰਦੇਸੀ, ਗੈਰ ਕੌਮਾਂ ਜਿਹੜੀਆਂ ਸ਼ਾਇਦ ਯਹੂਦੀ ਧਰਮ ਵਿਚ ਬਦਲ ਗਈਆਂ ਸਨ, ਉਨ੍ਹਾਂ ਨੂੰ ਦੂਜੇ-ਦਰਜੇ ਦੇ ਨਾਗਰਿਕਾਂ ਦੇ ਤੌਰ ਤੇ ਨਹੀਂ ਸੀ ਗਿਣਿਆ ਜਾਣਾ। ਉਨ੍ਹਾਂ ਕੋਲ ਇਸਰਾਏਲੀਆਂ ਵਾਲੇ ਹੱਕ ਅਤੇ ਜ਼ਿੰਮੇਵਾਰੀਆਂ ਸਨ। ਪਰਮੇਸ਼ੁਰ ਨੇ ਆਖਿਆ, **ਇੱਕੋ ਬਿਵਸਥਾ ਅਤੇ ਇੱਕੋ ਹੀ ਕਾਨੂਨ ਤੁਹਾਡੇ ਲਈ ਅਤੇ ਉਸ ਪਰਦੇਸੀ ਲਈ ਹੈ ਜਿਹੜਾ ਤੁਹਾਡੇ ਵਿੱਚ ਟਿਕਿਆ ਹੋਇਆ ਹੋਵੇ।**

"ਪਰਦੇਸੀਆਂ" ਨੇ ਪਸਾਹ ਵਿਚ ਤਦ ਤੱਕ ਹਿੱਸਾ ਨਹੀਂ ਸੀ ਲੈਣਾ ਜਦੋਂ ਤੱਕ ਉਨ੍ਹਾਂ ਦੀ ਸੁੰਨਤ ਨਹੀਂ ਸੀ ਹੋ ਜਾਂਦੀ, ਅਰਥਾਤ, ਜਦੋਂ ਤੱਕ ਉਹ ਯਹੂਦੀ ਧਰਮ ਦੇ ਲਈ ਯਹੂਦੀ-ਮੁਰੀਦ ਨਹੀਂ ਸੀ ਬਣ ਜਾਂਦੇ (ਕੂਚ 12:48)। ਜਦ ਕਿ ਆਮ ਤੌਰ ਤੇ ਇਹ ਕਲਪਨਾ ਕੀਤੀ ਜਾਂਦੀ ਹੈ ਕਿ ਸਾਰੀਆਂ ਭੇਟਾਂ ਦੇ ਲਈ ਇੱਕੋ ਹੀ ਨਿਯਮ ਲਾਗੂ ਹੁੰਦਾ ਸੀ, ਇਹ ਸੰਭਵ ਹੈ ਕਿ ਜਿਨ੍ਹਾਂ ਨੇ ਹਾਲੇ ਤੱਕ ਸੁੰਨਤ ਨਹੀਂ ਸੀ ਕਰਵਾਈ, ਜਿਨ੍ਹਾਂ ਦਾ ਬਦਲਣਾ ਹਾਲੇ ਅਧੂਰਾ ਸੀ, ਉਨ੍ਹਾਂ ਨੂੰ ਉਸ ਤਰ੍ਹਾਂ ਦੀਆਂ ਭੇਟਾਂ ਚੜ੍ਹਾਉਣ ਦਿੱਤਾ ਜਾਂਦਾ ਸੀ ਜਿਨ੍ਹਾਂ ਦੀ ਗੱਲ ਗਿਣਤੀ 15 ਅਧਿਆਇ ਵਿਚ ਕੀਤੀ ਗਈ ਹੈ, ਸਿਵਾਏ

ਉਨ੍ਹਾਂ ਭੇਟਾਂ ਤੋਂ ਜੋ ਪਸਾਹ ਦੇ ਸਮੇਂ ਚੜ੍ਹਾਈਆਂ ਜਾਂਦੀਆਂ ਸਨ।

## "ਉਨ੍ਹਾਂ ਦੀ ਤੌਣ ਦੇ ਪਹਿਲੇ ਪੇੜੇ ਦੀਆਂ" ਭੇਟਾਂ (15:17-21)

**[17]ਯਹੋਵਾਹ ਮੂਸਾ ਨੂੰ ਬੋਲਿਆ, [18]ਤੂੰ ਇਸਰਾਏਲੀਆਂ ਨਾਲ ਗੱਲ ਕਰ ਅਤੇ ਉਨ੍ਹਾਂ ਨੂੰ ਆਖ ਭਈ ਜਦ ਤੁਸੀਂ ਉਸ ਧਰਤੀ ਵਿੱਚ ਵੜੋ ਜਿੱਥੇ ਮੈਂ ਤੁਹਾਨੂੰ ਲਈ ਜਾਂਦਾ ਹਾਂ। [19]ਤਾਂ ਐਉਂ ਹੋਵੇਗਾ ਭਈ ਜਦ ਤੁਸੀਂ ਉਸ ਧਰਤੀ ਦੀ ਰੋਟੀ ਤੋਂ ਖਾਓ ਤਾਂ ਤੁਸੀਂ ਯਹੋਵਾਹ ਲਈ ਹਿਲਾਉਣ ਦੀ ਭੇਟ ਚੜ੍ਹਾਇਓ। [20]ਆਪਣੀ ਤੌਣ ਦੇ ਪਹਿਲੇ ਪੇੜੇ ਦਾ ਫੁਲਕਾ ਹਿਲਾਉਣ ਦੀ ਭੇਟ ਕਰਕੇ ਚੜ੍ਹਾਓ। ਜਿਵੇਂ ਪਿੜ ਦੀ ਹਿਲਾਉਣ ਦੀ ਭੇਟ ਹੈ ਤਿਵੇਂ ਏਹ ਨੂੰ ਹਿਲਾਓ। [21]ਤੁਸੀਂ ਆਪਣੀ ਤੌਣ ਦਾ ਪਹਿਲਾ ਪੇੜਾ ਯਹੋਵਾਹ ਲਈ ਆਪਣੀ ਪੀੜ੍ਹੀਓਂ ਪੀੜ੍ਹੀ ਹਿਲਾਉਣ ਦੀ ਭੇਟ ਕਰਕੇ ਦਿਆ ਕਰੋ।**

**ਆਇਤਾਂ 17-21.** ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਪਰਜਾ ਦੇ ਪਾਲਣਾ ਕਰਨ ਦੇ ਲਈ ਵਿਸ਼ੇਸ਼ ਹੁਕਮ ਦਿੱਤੇ ਸਨ ਜਦੋਂ ਉਹ **ਧਰਤੀ ਵਿਚ ਵੜੇ** ਅਤੇ **ਧਰਤੀ ਦੀ ਰੋਟੀ** ਖਾਧੀ - ਦੂਜੇ ਸ਼ਬਦਾਂ ਵਿਚ, ਜਦੋਂ ਉਹ ਕਨਾਨ ਵਿਚ ਵੱਸ ਗਏ ਸਨ। ਭੇਟਾਂ ਚੜ੍ਹਾਉਣ ਦੇ ਲਈ ਇਹ ਜੋ ਹਦਾਇਤਾਂ ਸਨ ਕਲਪਨਾ ਕਰਦੀਆਂ ਹਨ ਕਿ ਲੋਕ ਤੰਬੂਆਂ ਦੀ ਬਜਾਇ ਘਰਾਂ ਵਿਚ ਰਹਿੰਦੇ ਸਨ ਅਤੇ ਫਸਲ ਦੀ ਵਾਢੀ ਕਰਦੇ ਸਨ। ਜਦੋਂ ਇਸ ਤਰ੍ਹਾਂ ਦੀ ਗੱਲ ਸੀ, ਉਨ੍ਹਾਂ ਨੇ **ਯਹੋਵਾਹ ਲਈ ਹਿਲਾਉਣ ਦੀ ਭੇਟ ਚੜ੍ਹਾਉਣੀ** ਸੀ (15:19)। NKJV ਬਾਈਬਲ ਵਿਚ ਲਿਖਿਆ ਹੈ "ਤੁਸੀਂ ਯਹੋਵਾਹ ਦੇ ਲਈ ਭਾਰੀ ਭੇਟ ਚੜ੍ਹਾਇਓ।" 20 ਆਇਤ ਅਨੁਸਾਰ, ਉਹ ਭੇਟ **ਤੌਣ ਦਾ ਪਹਿਲਾ ਪੇੜਾ**, ਜਾਂ "ਤੌਣ ਦਾ ਪਹਿਲਾ ਪੇੜਾ" (NRSV) ਹੋਣਾ ਸੀ। ਸ਼ਬਦ "ਪਹਿਲਾ" (רֵאשִׁית, *ਰੀਸ਼ਿਥ)* ਕਿਸੇ ਅਜਿਹੀ ਚੀਜ਼ ਦਾ ਵਰਣਨ ਕਰਦਾ ਹੈ ਜਿਸ ਦੀ ਸਮੇਂ ("ਸ਼ੁਰੂਆਤ") ਜਾਂ ਪ੍ਰਮੁੱਖਤਾ ("ਮੁਖੀ") ਵਿਚ ਪਹਿਲ ਜਾਂ ਪ੍ਰਾਥਮਿਕਤਾ ਹੈ। ਇਹ ਅੰਨ, ਮੈ, ਤੇਲ ਅਤੇ ਉੱਨ ਦੇ ਸਭ ਤੋਂ ਪਹਿਲੇ ਹਿੱਸੇ ਦਾ ਵਰਣਨ ਕਰਨ ਦੇ ਲਈ ਵਰਤਿਆ ਗਿਆ ਹੈ, ਜੋ ਯਹੋਵਾਹ ਦੇ ਲਈ ਦਿੱਤੇ ਜਾਣੇ ਸਨ (ਬਿਵਸਥਾ ਸਾਰ 18:4)।[6] ਅਨੁਵਾਦ ਕੀਤੇ ਗਏ ਸ਼ਬਦ "ਤੌਣ" (עֲרִסָה, *ਏਰਿਸਾਹ)* ਸੰਬੰਧੀ ਕੋਈ ਨਾ ਕੋਈ ਅਨਿਸ਼ਚਤਤਾ ਹੈ। NASB ਬਾਈਬਲ ਦੀ ਟਿੱਪਣੀ ਇਸ ਦਾ ਇਕ ਵਿਕਲਪਕ ਅਰਥ ਦਿੰਦੀ ਹੈ ਜੋ ਕਿ "ਗੁੰਨਿਆ ਹੋਇਆ ਆਟਾ" ਹੈ। NIV ਅਤੇ NKJV ਬਾਈਬਲ ਵਿਚ "ਜ਼ਮੀਨ ਦਾ ਭੋਜਨ" ਹੈ। "ਤੌਣ ਦਾ ਪਹਿਲਾ ਪੇੜਾ" **ਫੁਲਕਾ** ਸੀ ਜੋ **ਯਹੋਵਾਹ ਲਈ** [ਉਨ੍ਹਾਂ ਦੀ] **ਪੀੜ੍ਹੀਓਂ ਪੀੜ੍ਹੀ ਭੇਟ ਕਰਕੇ** ਦਿੱਤਾ ਜਾਣਾ ਸੀ (15:21)।

ਆਇਤ 20 ਦੇ ਲਈ, NJPSV ਬਾਈਬਲ ਆਖਦੀ ਹੈ, "ਆਪਣੀ ਰੋਟੀ ਦੇ ਪਹਿਲੇ ਫਲ ਦੇ ਰੂਪ ਵਿਚ, ਤੁਸੀਂ ਇਕ ਫੁਲਕੇ ਨੂੰ ਦਾਤ ਦੇ ਰੂਪ ਵਿਚ ਵੱਖਰਾ ਕਰਨਾ; ਤੁਸੀਂ ਇਸ ਨੂੰ ਪਿੜ ਵਿੱਚੋਂ ਦਾਤ ਦੇ ਵਾਂਗ ਇਕ ਦਾਤ ਦੇ ਰੂਪ ਵਿਚ ਵੱਖਰਾ ਕਰਨਾ।" ਵਿਚਾਰ ਇਹ ਸੀ ਕਿ ਜਦੋਂ ਇਸਰਾਏਲੀਆਂ ਨੇ ਇਕ ਵੱਸੇ ਹੋਏ ਜੀਵਨ ਦੇ ਫਲਾਂ ਦਾ ਅਨੰਦ ਮਾਣਨਾ ਸ਼ੁਰੂ ਕੀਤਾ ਅਤੇ ਵੱਢੀ ਗਈ ਫਸਲ ਦੇ ਅੰਨ ਵਿੱਚੋਂ ਰੋਟੀ ਪਕਾਉਣਾ ਸ਼ੁਰੂ ਕੀਤਾ, ਉਹ ਜਦੋਂ ਵੀ ਰੋਟੀ ਬਣਾਉਂਦੇ ਸਨ ਉਨ੍ਹਾਂ ਨੇ ਹਰ ਵਾਰ ਉਸ ਵਿੱਚੋਂ ਯਹੋਵਾਹ ਨੂੰ ਦੇਣ ਦੇ ਲਈ ਇਕ "ਰੋਟੀ" ਜਾਂ ਇਕ "ਫੁਲਕਾ" ਵੱਖਰਾ ਰੱਖਣਾ ਸੀ। ਉਨ੍ਹਾਂ ਨੇ ਜਿੰਨੀ ਦੇਰ ਤੱਕ ਉਸ ਧਰਤੀ ਤੇ ਰਹਿਣਾ ਓਨੀ ਦੇਰ ਤੱਕ ਇਹੋ ਜਿਹਾ ਦਾਨ ਕਰਦੇ ਰਹਿਣਾ ਸੀ। ਇਹ ਜਾਣਨਾ ਮੁਸ਼ਕਲ ਹੈ ਕਿ ਇਸ ਹੁਕਮ ਦੀ ਕਿਵੇਂ ਪਾਲਣਾ ਕੀਤੀ ਗਈ ਸੀ; ਪਰ ਕਿਉਂਕਿ "ਫੁਲਕਾ" "ਯਹੋਵਾਹ ਦੇ ਲਈ" ਦਿੱਤਾ ਜਾਣਾ ਸੀ, ਕੋਈ ਇਹ ਕਲਪਨਾ ਕਰ ਸਕਦਾ ਸੀ ਕਿ ਇਹ ਡੇਹਰੇ ਵਿਚ ਜਾਜਕਾਂ ਅਤੇ/ਜਾਂ ਲੇਵੀਆਂ ਨੂੰ ਦਿੱਤਾ ਜਾਣਾ ਸੀ।

ਇਹ ਹੁਕਮ ਪਹਿਲਾਂ ਦਿੱਤੀਆਂ ਗਈਆਂ ਮੰਗਾਂ ਨੂੰ ਵਿਸਤਾਰ ਦਿੰਦਾ ਹੈ। ਪਹਿਲਾਂ, ਪਰਜਾ ਨੂੰ

ਕਿਹਾ ਗਿਆ ਸੀ ਕਿ ਜ਼ਮੀਨ ਤੇ ਪੈਦਾ ਹੋਏ - ਫਸਲਾਂ ਅਤੇ ਜਾਨਵਰਾਂ - ਦੇ "ਕੱਚੇ ਪਦਾਰਥਾਂ" ਦਾ ਇਕ ਹਿੱਸਾ ਪਰਮੇਸ਼ੁਰ ਨੂੰ ਚੜ੍ਹਾਇਆ ਜਾਣਾ ਚਾਹੀਦਾ ਹੈ। ਇਹ ਬਿਧੀ ਦੱਸਦੀ ਹੈ ਕਿ "ਪਹਿਲੇ ਫਲਾਂ ਦੀ ਦਾਤ" "ਨਾ ਸਿਰਫ ਜ਼ਮੀਨ ਦੀ ਪਹਿਲੀ ਪੱਕੀ ਫਸਲ ਸੀ ਪਰ ਪਹਿਲਾ ਤਿਆਰ ਕੀਤਾ ਹੋਇਆ ... , ਅਰਥਾਤ, ਪਿੜ ਦਾ ਅੰਨ, ਨਵੀਂ ਮੈ, ਨਵਾਂ (ਜ਼ੈਤੂਨ ਦਾ) ਤੇਲ, ਫਲ ਦਾ ਸ਼ਰਬਤ, ਖਮੀਰਾ ਭੋਜਨ ਅਤੇ ਜਿਵੇਂ ਕਿ ਇੱਥੇ ਚਰਚਾ ਕੀਤੀ ਗਈ ਹੈ, ਤੌਣ ਦਾ ਪੇੜਾ ਵੀ ਸੀ (ਗਿਣਤੀ 18:12)।"[7] ਨਾ ਸਿਰਫ ਧਰਤੀ ਦੇ ਪਹਿਲੇ ਫਲ ਦਾ ਇਕ ਹਿੱਸਾ, ਪਰ ਰਸੋਈ ਦੇ ਫਲ ਦਾ ਇਕ ਹਿੱਸਾ ਵੀ (ਅਤੇ ਵਰਕਸ਼ਾਪ ਦਾ ਫਲ ਵੀ) ਪਰਮੇਸ਼ੁਰ ਨੂੰ ਦਿੱਤਾ ਜਾਣਾ ਸੀ। "ਕੱਚੇ ਪਦਾਰਥਾਂ" ਦੇ ਪਹਿਲੇ ਫਲ ਤੋਂ ਇਲਾਵਾ, "ਤਿਆਰ ਕੀਤੇ ਹੋਏ ਉਤਪਾਦਾਂ" ਦੇ ਪਹਿਲੇ ਫਲ ਵੀ ਪਰਮੇਸ਼ੁਰ ਦੇ ਸਨ।

## ਅਣਜਾਣਪੁਣੇ ਦੇ ਪਾਪਾਂ ਦੇ ਲਈ ਭੇਟਾਂ (15:22-29)

**22ਜਦ ਤੁਸੀਂ ਭੁੱਲੋ ਅਤੇ ਏਹ ਸਾਰੇ ਹੁਕਮ ਪੂਰੇ ਨਾ ਕਰੋ ਜਿਹੜੇ ਯਹੋਵਾਹ ਮੂਸਾ ਨੂੰ ਬੋਲਿਆ ਹੈ। 23ਅਰਥਾਤ ਜੋ ਕੁਝ ਯਹੋਵਾਹ ਨੇ ਮੂਸਾ ਦੇ ਰਾਹੀਂ ਤੁਹਾਨੂੰ ਹੁਕਮ ਦਿੱਤਾ ਸੀ ਜਿਸ ਦਿਨ ਤੋਂ ਯਹੋਵਾਹ ਨੇ ਹੁਕਮ ਦਿੱਤਾ ਉਸ ਤੋਂ ਅੱਗੇ ਤੁਹਾਡੀ ਪੀੜ੍ਹੀਓਂ ਪੀੜ੍ਹੀ। 24ਤਾਂ ਇਉਂ ਜੇ ਉਹ ਭੁੱਲ ਕੇ ਮੰਡਲੀ ਦੀਆਂ ਅੱਖਾਂ ਤੋਂ ਪਰੋਖੇ ਕੀਤਾ ਗਿਆ ਹੋਵੇ ਤਾਂ ਸਾਰੀ ਮੰਡਲੀ ਇੱਕ ਵਹਿੜਾ ਹੋਮ ਦੀ ਬਲੀ ਲਈ ਚੜ੍ਹਾਵੇ ਜਿਹੜੀ ਯਹੋਵਾਹ ਲਈ ਸੁਗੰਧਤਾ ਹੋਵੇ ਉਸ ਦੀ ਮੈਦੇ ਦੀ ਭੇਟ ਅਤੇ ਪੀਣ ਦੀ ਭੇਟ ਸਣੇ ਕਾਨੂਨ ਦੇ ਅਨੁਸਾਰ ਨਾਲੇ ਪਾਪ ਦੀ ਬਲੀ ਲਈ ਇੱਕ ਬੱਕਰਾ। 25ਫੇਰ ਜਾਜਕ ਇਸਰਾਏਲੀਆਂ ਦੀ ਸਾਰੀ ਮੰਡਲੀ ਲਈ ਪਰਾਸਚਿਤ ਕਰੇ ਤਾਂ ਓਹ ਮਾਫ਼ ਕੀਤੇ ਜਾਣਗੇ ਕਿਉਂ ਜੋ ਉਹ ਭੁੱਲ ਸੀ, ਓਹ ਆਪਣਾ ਅੱਗ ਦਾ ਚੜ੍ਹਾਵਾ ਅਤੇ ਪਾਪ ਦੀ ਬਲੀ ਆਪਣੀ ਭੁੱਲ ਲਈ ਯਹੋਵਾਹ ਅੱਗੇ ਲਿਆਵੇ।
26ਤਾਂ ਇਸਰਾਏਲੀਆਂ ਦੀ ਸਾਰੀ ਮੰਡਲੀ ਮਾਫ਼ ਕੀਤੀ ਜਾਵੇਗੀ ਨਾਲੇ ਉਹ ਪਰਦੇਸੀ ਜਿਹੜਾ ਉਨ੍ਹਾਂ ਦੇ ਵਿੱਚ ਟਿਕਿਆ ਹੋਇਆ ਹੈ ਕਿਉਂ ਜੋ ਉਹ ਸਾਰੀ ਪਰਜਾ ਦੀ ਭੁੱਲ ਨਾਲ ਹੋਇਆ ਸੀ। 27ਜੇ ਇੱਕੋ ਹੀ ਪ੍ਰਾਣੀ ਭੁੱਲ ਨਾਲ ਪਾਪ ਕਰੇ ਤਾਂ ਪਾਪ ਦੀ ਬਲੀ ਲਈ ਉਹ ਇੱਕ ਸਾਲਾ ਬੱਕਰੀ ਚੜ੍ਹਾਵੇ। 28ਫੇਰ ਜਾਜਕ ਉਸ ਪ੍ਰਾਣੀ ਲਈ ਜਿਹੜਾ ਭੁੱਲ ਕੇ ਪਾਪ ਕਰੇ ਪਰਾਸਚਿਤ ਕਰੇ ਜਦ ਉਹ ਯਹੋਵਾਹ ਅੱਗੇ ਭੁੱਲ ਕੇ ਪਾਪ ਕਰੇ ਐਉਂ ਉਹ ਦੇ ਲਈ ਪਰਾਸਚਿਤ ਹੋਵੇ ਤਾਂ ਉਹ ਮਾਫ਼ੀ ਪਾਵੇਗਾ। 29ਇਸਰਾਏਲੀਆਂ ਦੇ ਦੇਸੀ ਅਤੇ ਪਰਦੇਸੀ ਲਈ ਜਿਹੜਾ ਤੁਹਾਡੇ ਵਿੱਚ ਟਿਕਦਾ ਹੈ ਤੁਹਾਡੇ ਲਈ ਇੱਕੋ ਹੀ ਬਿਵਸਥਾ ਹੋਵੇ ਜੋ ਕੋਈ ਭੁੱਲ ਕੇ ਪਾਪ ਕਰੇ।**

ਪਾਪ ਦੇ ਵਿਸ਼ੇ ਵੱਲ ਮੁੜਦਿਆਂ, ਹਦਾਇਤ ਉਨ੍ਹਾਂ ਪਾਪ ਤੇ ਕੇਂਦਰਿਤ ਹੁੰਦੀ ਹੈ ਜਿਹੜੇ "ਅਣਜਾਣਪੁਣੇ ਵਿਚ, ਮੰਡਲੀ ਦੀਆਂ ਅੱਖਾਂ ਤੋਂ ਪਰੋਖੇ" ਕੀਤੇ ਗਏ ਸਨ। ਪਰਮੇਸ਼ੁਰ ਨੇ ਨਾ ਸਿਰਫ ਭੇਟਾਂ ਦੇ ਲਈ ਸਮੁੱਚੀ ਮੰਡਲੀ ਦੁਆਰਾ ਅਣਜਾਣਪੁਣੇ ਵਿਚ ਕੀਤੇ ਗਏ ਪਾਪਾਂ ਦੇ ਲਈ ਹਦਾਇਤਾਂ ਦਿੱਤੀਆਂ ਸਨ (15:22-26), ਪਰ ਉਨ੍ਹਾਂ ਪਾਪਾਂ ਦੇ ਲਈ ਵੀ ਜੋ ਇਕੱਲੇ-ਇਕੱਲੇ ਵਿਅਕਤੀਆਂ ਦੁਆਰਾ ਕੀਤੇ ਗਏ ਸਨ (15:27-29)।

**ਆਇਤਾਂ 22-24.** ਪਹਿਲੀ ਹਾਲਤ ਵਿਚ, ਇਨ੍ਹਾਂ ਪਾਪਾਂ ਵਿਚ **ਮੂਸਾ ਦੇ ਰਾਹੀਂ ਯਹੋਵਾਹ ਨੇ** ਜੋ **ਸਾਰੇ ਹੁਕਮ** ਦਿੱਤੇ ਸਨ ਉਨ੍ਹਾਂ ਦੀ ਪਾਲਣਾ ਕਰਨ ਵਿਚ ਸਮਾਜ ਦੀ ਅਸਫ਼ਲਤਾ ਸ਼ਾਮਲ ਸੀ। ਇੱਥੇ ਜਿਨ੍ਹਾਂ ਪਾਪਾਂ ਨੂੰ ਸੰਬੋਧਿਤ ਕੀਤਾ ਗਿਆ ਹੈ ਉਹ ਪਾਪ ਹਨ ਜਿਹੜੇ **ਅਣਜਾਣੇ ਵਿਚ**, ਜਾਂ **ਭੁੱਲ ਕੇ, ਮੰਡਲੀ ਦੀਆਂ ਅੱਖਾਂ ਤੋਂ ਪਰੋਖੇ** ਕੀਤੇ ਗਏ ਹਨ। ਜਦੋਂ ਅਜਿਹੇ ਪਾਪ ਨੂੰ ਪਛਾਣ ਲਿਆ ਜਾਂਦਾ ਸੀ, **ਮੰਡਲੀ ਨੇ ਇੱਕ ਵਹਿੜਾ ਹੋਮ ਦੀ ਬਲੀ ਲਈ,** ਨਾਲੇ **ਮੈਦੇ ਦੀ ਭੇਟ ਅਤੇ ਪੀਣ ਦੀ ਭੇਟ ਸਣੇ ਕਾਨੂਨ ਦੇ ਅਨੁਸਾਰ ਨਾਲੇ ਪਾਪ ਦੀ ਬਲੀ ਲਈ ਇੱਕ ਬੱਕਰਾ ਚੜ੍ਹਾਉਣਾ** ਸੀ।

"ਅਣਜਾਣੇ ਵਿਚ" ਜਾਂ "ਭੁੱਲ ਕੇ" ਪਾਪ ਕਰਨ ਦਾ ਕੀ ਅਰਥ ਸੀ? KJV ਬਾਈਬਲ ਇਸ ਦਾ ਅਨੁਵਾਦ "ਅਗਿਆਨਤਾ ਨਾਲ" ਕਰਦੀ ਹੈ; ਬਾਕੀ ਅਨੁਵਾਦ "ਅਣਜਾਣਪੁਣੇ ਵਿਚ" ਜਾਂ "ਅਣਜਾਣਪੁਣਾ" ਸ਼ਬਦ ਵਰਤਦੇ ਹਨ (REB; NAB; NJB)। CEV ਬਾਈਬਲ ਆਇਤ 24 ਦਾ ਅਨੁਵਾਦ ਇਸ ਤਰ੍ਹਾਂ ਕਰਦੀ ਹੈ, "ਜੇਕਰ ਤੁਸੀਂ ਸਾਰੇ ਭੁੱਲ ਨਾਲ ਮੇਰੀਆਂ ਬਿਧੀਆਂ ਵਿੱਚੋਂ ਇਕ ਦੀ ਉਲੰਘਣਾ ਕਰਦੇ ਹੋ ...।" ਸ਼ਾਇਦ, "ਅਣਜਾਣਪੁਣੇ ਵਿਚ ਕੀਤੇ ਗਏ" ਪਾਪ ਦੇ ਵਿਚਾਰ ਨੂੰ "ਕਮਜ਼ੋਰੀ ਦੇ ਪਲ ਵਿਚ ਕੀਤੇ ਗਏ" ਪਾਪ ਵਿਚ ਸ਼ਾਮਲ ਕਰਨ ਦੇ ਲਈ ਵਿਸਤਾਰ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਲੇਵੀਆਂ ਦੀ ਪੁਸਤਕ ਵਿਚ ਠੱਗੀ, ਚੋਰੀ ਅਤੇ ਝੂਠ ਨੂੰ ਉਨ੍ਹਾਂ ਪਾਪਾਂ ਵਿਚ ਸ਼ਾਮਲ ਕੀਤਾ ਗਿਆ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਦੇ ਲਈ ਪ੍ਰਾਸਚਿਤ ਕੀਤਾ ਜਾ ਸਕਦਾ ਹੈ ਅਤੇ ਜਿਹੜੇ ਮਾਫ਼ ਕੀਤੇ ਜਾ ਸਕਦੇ ਹਨ (ਵੇਖੋ ਲੇਵੀਆਂ 6:1-7)। ਅਜਿਹਾ ਪਾਪ ਅਗਿਆਨਾਤਾ ਵਿਚ ਜਾਂ ਇਕਦਮ, ਬਿਨ੍ਹਾਂ ਪਹਿਲਾਂ ਸੋਚੇ-ਵਿਚਾਰੇ ਕੀਤਾ ਜਾਂਦਾ ਹੈ। ਅਣਜਾਣਪੁਣੇ ਵਿਚ ਕੀਤੇ ਗਏ ਪਾਪ ਅਤੇ ਜਾਣਬੁੱਝ ਕੇ ਕੀਤੇ ਗਏ ਪਾਪ ਵਿਚਕਾਰ ਫ਼ਰਕ ਦਾ ਉਦਾਹਰਣ ਜਾਨੋਂ ਮਾਰਨ ਸੰਬੰਧੀ ਨਿਯਮਾਂ ਦੁਆਰਾ ਦਿੱਤਾ ਗਿਆ ਹੈ (ਕੂਚ 21:12-14)। ਉਹ ਵਿਅਕਤੀ ਜਿਸ ਨੇ ਕਿਸੇ ਨੂੰ ਮਾਰਿਆ ਸੀ ਮੌਤ ਦੀ ਸਜ਼ਾ ਅਧੀਨ ਸੀ (ਕੂਚ 21:12); ਪਰ ਜੇਕਰ ਉਸ ਦੀ ਮਾਰਨ ਦੀ ਕੋਈ ਯੋਜਨਾ ਨਹੀਂ ਸੀ, ਉਹ ਪਨਾਹ ਦੇ ਸ਼ਹਿਰ ਵੱਲ ਨੂੰ ਭੱਜ ਕੇ ਜਾ ਸਕਦਾ ਸੀ ਅਤੇ ਮੌਤ ਦੀ ਸਜ਼ਾ ਤੋਂ ਬਚ ਸਕਦਾ ਸੀ (ਕੂਚ 21:13)। ਪਰ, ਜੇਕਰ ਉਸ ਨੇ "ਆਪਣੇ ਗੁਆਂਢੀ ਉੱਤੇ ਧੱਕੋ ਧੱਕੀ ਵਾਰ ਕਰਕੇ ਉਹ ਨੂੰ ਛਲ ਨਾਲ ਮਾਰ ਸੁੱਟਿਆ ਸੀ," ਤਾਂ ਉਸ ਨੂੰ ਝੱਟ ਜਾਨੋਂ ਮਾਰ ਦਿੱਤਾ ਜਾਣਾ ਸੀ (ਕੂਚ 21:14; ਵੇਖੋ ਗਿਣਤੀ 35:16-34)।

"ਜ਼ਬਰਦਸਤੀ" ਪਾਪ ਕਰਨ ਅਤੇ "ਅਣਜਾਣਪੁਣੇ ਵਿਚ" ਪਾਪ ਕਰਨ ਵਿਚਕਾਰ ਫ਼ਰਕ ਦਾ ਇਕ ਹੋਰ ਸੰਭਵ ਉਦਾਹਰਣ ਲੇਵੀਆਂ 10 ਵਿਚ ਮਿਲਦਾ ਹੈ। ਲੇਵੀਆਂ 10:1-3 ਵਿਚ, ਯਹੋਵਾਹ ਨੇ ਨਾਦਾਬ ਅਰ ਅਬੀਹੂ ਨੂੰ ਮਾਰ ਸੁੱਟਿਆ ਅਤੇ ਉਨ੍ਹਾਂ ਨੂੰ ਪਸ਼ਚਾਤਾਪ ਕਰਨ ਜਾਂ ਪ੍ਰਾਸਚਿਤ ਦੇ ਲਈ ਭੇਟ ਚੜ੍ਹਾਉਣ ਦਾ ਕੋਈ ਮੌਕਾ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੇ "ਯਹੋਵਾਹ ਦੇ ਅੱਗੇ ਓਪਰਾ ਧੂਪ ਧੁਖਾਇਆ ਸੀ।" ਲੇਵੀਆਂ 10:16 ਵਿਚ, ਮੂਸਾ ਨੂੰ ਪਤਾ ਲੱਗਾ ਕਿ ਪਾਪ ਦੀ ਭੇਟ ਦੇ ਬੱਕਰੇ ਨੂੰ ਪਵਿੱਤ੍ਰ ਥਾਂ ਵਿਚ ਖਾਣ ਦੀ ਬਜਾਇ ਸਾੜਿਆ ਗਿਆ ਸੀ। ਜਾਜਕ (ਅਲਆਜ਼ਾਰ ਅਤੇ ਈਥਾਮਾਰ) ਜੋ ਇਸ ਦੀ ਵੇਖ ਭਾਲ ਦੇ ਦੋਸ਼ੀ ਸਨ ਉਨ੍ਹਾਂ ਨੂੰ ਨਹੀਂ ਸੀ ਮਾਰਿਆ ਗਿਆ (ਲੇਵੀਆਂ 10:16-20)। ਕਿਉਂ ਨਹੀਂ? ਸ਼ਾਇਦ, ਉਨ੍ਹਾਂ ਦਾ ਪਾਪ ਅਣਜਾਣਪੁਣੇ ਦਾ ਪਾਪ ਸੀ - ਇਕ ਗਲਤੀ ਜਾਂ ਇਕ ਭੁੱਲ - ਅਤੇ ਨਾਦਾਬ ਅਤੇ ਅਬੀਹੂ ਵਰਗਾ ਡਾਢਾ ਪਾਪ ਨਹੀਂ ਸੀ।

**ਆਇਤਾਂ 25, 26. ਫੇਰ ਜਾਜਕ** ਨੇ **ਇਸਰਾਏਲੀਆਂ ਦੀ ਸਾਰੀ ਮੰਡਲੀ ਲਈ ਪਰਾਸਚਿਤ ਕਰਨਾ** ਸੀ ਤਾਂ ਕਿ ਉਹ **ਮਾਫ਼ ਕੀਤੇ** ਜਾ ਸਕਦੇ। ਮਾਫ਼ੀ ਸੰਭਵ ਸੀ ਕਿਉਂਕਿ ਉਹ ਭੁੱਲ - ਵਿਦਰੋਹ ਦੀ ਬਜਾਇ - ਦੇ ਦੋਸ਼ੀ ਸਨ ਅਤੇ ਨਿਰਧਾਰਤ ਭੇਟਾਂ ਲੈ ਕੇ ਆਏ ਸਨ। **ਪਰਦੇਸੀ** ਜਿਹੜਾ ਇਸਰਾਏਲੀਆਂ ਦੇ ਵਿਚ ਰਹਿੰਦਾ ਸੀ ਉਨ੍ਹਾਂ ਦੇ ਨਾਲ-ਨਾਲ ਉਹ ਵੀ ਮਾਫ਼ ਕੀਤਾ ਜਾਵੇਗਾ।

ਲੇਵੀਆਂ 4 ਅਤੇ 5 ਅਧਿਆਇ ਵਿਚ ਵੀ ਅਣਜਾਣਪੁਣੇ ਵਿਚ ਕੀਤੇ ਗਏ ਪਾਪਾਂ ਦੇ ਸੰਬੰਧ ਵਿਚ ਦਿੱਤੀਆਂ ਜਾਣ ਵਾਲੀਆਂ ਭੇਟਾਂ ਦੀਆਂ ਬਿਧੀਆਂ ਹਨ; ਗਿਣਤੀ 15 ਵਿਚ ਇਨ੍ਹਾਂ ਬਿਧੀਆਂ ਦਾ ਉਦੇਸ਼ ਉਨ੍ਹਾਂ ਬਿਧੀਆਂ ਨੂੰ ਪੂਰਾ ਕਰਨਾ ਸੀ ਜੋ ਪਹਿਲਾਂ ਦਿੱਤੀਆਂ ਗਈਆਂ ਸਨ। ਰਿਚਰਡ ਬੌਏਸੀ ਨੇ ਆਖਿਆ ਸੀ,

> ਗਿਣਤੀ 15 ਵਿਚ ਅਜਿਹਾ ਕੁਝ ਨਹੀਂ ਹੈ ਜਿਸ ਦਾ ਕਿਸੇ ਨਾ ਕਿਸੇ ਭਾਵ ਵਿਚ ਪਹਿਲਾਂ ਵਰਣਨ ਨਹੀਂ ਕੀਤਾ ਗਿਆ ਹੈ: ਆਮ ਤੌਰ ਤੇ ਭੇਟਾਂ (ਲੇਵੀਆਂ 1-7); ਤਿਉਹਾਰ ਬੰਦਗੀ ਵਿਚ ਪਰਦੇਸੀਆਂ ਨੂੰ ਸ਼ਾਮਲ ਕਰਨਾ (ਗਿਣਤੀ 9:14); ਪਹਿਲੇ ਫਲਾਂ ਦੀ ਭੇਟ (ਲੇਵੀਆਂ 23:9-14);

"ਅਣਜਾਣਪੁਣੇ ਵਿਚ ਕੀਤੇ ਗਏ" ਬਨਾਮ "ਜਾਣਬੁੱਝ ਕੇ ਕੀਤੇ ਗਏ" ਪਾਪ (ਲੇਵੀਆਂ 5:14-6:7); ਸਬਤ ਤੇ ਅੱਗ ਦੀ ਸਜ਼ਾ, ਜਿਸ ਦੇ ਲਈ ਲੱਕੜੀਆਂ ਚੁਗਣਾ ਇਕ ਭੂਮਿਕਾ ਹੋਵੇਗਾ (ਕੂਚ 35:3) ਅਤੇ ਬਸਤ੍ਰਾਂ ਲਈ ਸਹੀ ਬੁਣਾਈ (ਲੇਵੀਆਂ 19:19)।[8]

**ਆਇਤਾਂ 27-29.** ਇਸੇ ਤਰੀਕੇ ਨਾਲ, ਜਦੋਂ ਕੋਈ ਵਿਅਕਤੀ **ਭੁੱਲ ਕੇ ਪਾਪ ਕਰਦਾ** ਸੀ, ਉਸ ਨੇ **ਪਾਪ ਦੀ ਬਲੀ ਲਈ ਇੱਕ ਸਾਲਾ ਬੱਕਰੀ ਚੜ੍ਹਾਉਣੀ** ਸੀ। ਫਿਰ **ਜਾਜਕ ਉਸ ਦੇ ਲਈ ਪਰਾਸਚਿਤ** ਕਰਦਾ ਸੀ ਅਤੇ ਉਹ **ਮਾਫ਼** ਕੀਤਾ ਜਾਂਦਾ ਸੀ। ਫੇਰ, **ਦੇਸੀ** ਦੇ ਵਾਂਗ **ਪਰਦੇਸੀ** ਵੀ ਇਸੇ ਬਿਧੀ ਅਧੀਨ ਸੀ।

"ਅਣਜਾਣਪੁਣੇ ਵਿਚ ਕੀਤੇ ਗਏ ਪਾਪ" ਸੰਬੰਧੀ ਇਹ ਬਿਧੀਆਂ ਕੁਝ ਮਹੱਤਵਪੂਰਣ ਸਿਧਾਂਤਾਂ ਨੂੰ ਵਿਖਾਉਂਦੀਆਂ ਹਨ:

ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੀ ਪਰਜਾ ਉਸ ਦੀਆਂ ਸਾਰੀਆਂ ਬਿਧੀਆਂ ਦੀ ਪਾਲਣਾ ਕਰੇ।
ਪਰਮੇਸ਼ੁਰ ਦੀ ਕਿਸੇ ਵੀ ਬਿਧੀ ਦੀ ਉਲੰਘਣਾ ਕਰਨਾ ਪਾਪ ਸੀ।
ਜੇਕਰ ਅਣਆਗਿਆਕਾਰੀ "ਅਣਜਾਣੇ ਵਿਚ," ਜਾਂ "ਭੁੱਲ ਨਾਲ," ਜਾਂ "ਅਣਜਾਣਪੁਣੇ ਵਿਚ," ਜਾਂ "ਅਗਿਆਨਤਾ ਵਿਚ" ਕੀਤੀ ਗਈ ਸੀ, ਤਾਂ ਦੋਸ਼ੀ (ਆਂ) ਨੂੰ ਮਾਫ਼ ਕੀਤਾ ਜਾ ਸਕਦਾ ਸੀ।
ਮਾਫ਼ੀ ਨਿਰਧਾਤਰ ਭੇਟਾਂ ਚੜ੍ਹਾਉਣ ਦੇ ਨਿਰਭਰ ਸੀ ਤਾਂ ਕਿ ਜਾਜਕ ਪਰਾਸਚਿਤ ਕਰ ਸਕਦਾ।
ਬਿਧੀਆਂ ਜਿਹੜੀਆਂ ਇਸਰਾਏਲੀਆਂ ਤੇ ਲਾਗੂ ਹੁੰਦੀਆਂ ਸਨ ਉਨ੍ਹਾਂ ਪਰਦੇਸੀਆਂ ਤੇ ਵੀ ਲਾਗੂ ਹੁੰਦੀਆਂ ਸਨ ਜਿਹੜੇ ਉਨ੍ਹਾਂ ਵਿਚ ਰਹਿੰਦੇ ਸਨ।

## ਜਾਣਬੁੱਝ ਕੇ ਕੀਤੇ ਗਏ ਪਾਪਾਂ ਦੇ ਲਈ ਕੋਈ ਭੇਟ ਨਹੀਂ (15:30, 31)

**30ਜਿਹੜਾ ਪ੍ਰਾਣੀ ਜ਼ਬਰਦਸਤੀ ਕੁਝ ਕਰੇ, ਭਾਵੇਂ ਦੇਸੀ ਭਾਵੇਂ ਪਰਦੇਸੀ, ਉਹ ਯਹੋਵਾਹ ਦੇ ਵਿਰੁੱਧ ਕੁਫ਼ਰ ਬਕਦਾ ਹੈ। ਉਹ ਪ੍ਰਾਣੀ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ। 31ਏਸ ਲਈ ਭਈ ਉਸ ਨੇ ਯਹੋਵਾਹ ਦੀ ਬਾਣੀ ਦੀ ਹਾਨੀ ਕੀਤੀ ਅਤੇ ਉਸ ਦਾ ਹੁਕਮ ਤੋੜਿਆ ਹੈ, ਉਹ ਪ੍ਰਾਣੀ ਜਰੂਰ ਹੀ ਛੇਕਿਆ ਜਾਵੇ। ਉਸ ਦੀ ਘੇਸ ਉਸ ਦੇ ਉੱਤੇ ਹੋਵੇਗੀ।**

**ਆਇਤਾਂ 30, 31.** ਹੁਣ ਧਿਆਨ "ਅਣਜਾਣਪੁਣੇ ਵਿਚ" ਕੀਤੇ ਗਏ ਪਾਪਾਂ ਤੋਂ ਹਟ ਕੇ "ਜਾਣਬੁੱਝ ਕੇ" ਕੀਤੇ ਗਏ ਪਾਪਾਂ ਵੱਲ ਹੋ ਜਾਂਦਾ ਹੈ। **ਜਿਹੜਾ ਪ੍ਰਾਣੀ ਜ਼ਬਰਦਸਤੀ ਕੁਝ ਕਰੇ ... ਉਹ ਯਹੋਵਾਹ ਦੇ ਵਿਰੁੱਧ ਕੁਫ਼ਰ ਬਕਦਾ ਹੈ। ਉਹ ਪ੍ਰਾਣੀ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ।** ਇਸ ਹਵਾਲੇ ਦੇ ਸੰਬੰਧ ਵਿਚ ਕਈ ਸਵਾਲ ਖੜ੍ਹੇ ਹੁੰਦੇ ਹਨ।

ਕਿਸ ਤਰ੍ਹਾਂ ਦਾ ਪਾਪ "ਜ਼ਬਰਦਸਤੀ ਵਾਲਾ" ਪਾਪ ਸੀ? ਇਬਰਾਨੀ ਸ਼ਾਬਦਿਕ ਤੌਰ ਤੇ ਉਸ ਵਿਅਕਤੀ ਦੀ ਗੱਲ ਕਰਦਾ ਹੈ ਜਿਹੜਾ "ਜ਼ਬਰਦਸਤ" ਪਾਪ ਕਰਦਾ ਹੈ (ਵੇਖੋ RSV; NRSV)। ਵੱਖ-ਵੱਖ ਅਨੁਵਾਦ ਇਸ ਸ਼ਬਦ ਦਾ ਅਨੁਵਾਦ ਕੁਝ ਇਸ ਤਰ੍ਹਾਂ ਕਰਦੇ ਹਨ, "ਜ਼ਬਰਦਸਤੀ" (NIV; NAB), "ਗੁਸਤਾਖ਼ੀ ਨਾਲ" (KJV; NKJV; REB), "ਜਾਣਬੁੱਝ ਕੇ" (NJB), ਜਾਂ "ਉਦੇਸ਼ ਨਾਲ" (CEV)। ਸਪੱਸ਼ਟ ਤੌਰ ਤੇ, ਇਸ ਹਾਲਤ ਵਿਚ ਪਾਪੀ ਜਾਣਦਾ ਸੀ ਕਿ ਕੁਝ ਨਾ ਕੁਝ ਗਲਤ ਸੀ; ਪਰ ਉਸ ਨੇ ਇਹ ਜਾਣਬੁੱਝ ਕੇ - ਜਿਵੇਂ ਕਿ ਕਾਨੂੰਨੀ ਸ਼ਬਦ "ਪਹਿਲਾਂ ਤੋਂ ਵਿਚਾਰੀ ਹੋਈ ਬੁਰਾਈ" ਨਾਲ ਵਰਣਨ ਕੀਤਾ ਗਿਆ ਹੈ - ਕੀਤਾ। ਸ਼ਾਇਦ, ਇੱਥੇ ਕੋਈ ਵਿਸ਼ੇਸ਼ ਪਾਪ ਦਾ ਜ਼ਿਕਰ ਨਹੀਂ ਸੀ ਕੀਤਾ ਗਿਆ। ਉਦਾਹਰਣ ਦੇ ਲਈ, ਪਰਮੇਸ਼ੁਰ ਸਿਰਫ ਕੁਫ਼ਰ ਬਕਣ ਦਾ ਹਵਾਲਾ

ਨਹੀਂ ਸੀ ਦੇ ਰਿਹਾ। (ਜਾਣਬੁੱਝ ਕੇ ਕੀਤਾ ਗਿਆ ਕੋਈ ਵੀ ਪਾਪ ਕੁਫ਼ਰ ਬਕਣਾ ਹੈ!) ਬਲਕਿ, ਇਹ ਵਾਕ ਕਿਸੇ ਵੀ ਪਾਪ ਤੇ ਲਾਗੂ ਹੁੰਦਾ ਹੈ ਜੋ ਜਾਣਬੁੱਝ ਕੇ ਕੀਤਾ ਜਾਂਦਾ ਹੈ।

ਜਾਣਬੁੱਝ ਕੇ ਕੀਤੇ ਗਏ ਪਾਪ ਦੇ ਨਤੀਜੇ ਕਿੰਨੇ ਗੰਭੀਰ ਸਨ? ਪਾਪੀ ਨੇ "ਆਪਣੇ ਲੋਕਾਂ ਵਿੱਚੋਂ ਛੇਕਿਆ ਜਾਣਾ" ਸੀ। ਇਸ ਸਜ਼ਾ ਦਾ ਅਰਥ ਕਈ ਵਾਰ ਦੇਸ-ਨਿਕਾਲਾ ਜਾਂ ਸਮਾਜ ਵਿੱਚੋਂ ਬਾਹਰ ਕੱਢਣਾ ਸਮਝਿਆ ਗਿਆ ਹੈ। CEV ਬਾਈਬਲ ਆਖਦੀ ਹੈ, "ਪਰ ਜੇਕਰ ਤੁਹਾਡੇ ਵਿੱਚੋਂ ਕੋਈ ਜਾਣਬੁੱਝ ਕੇ ਗਲਤੀ ਕਰਦਾ ਹੈ, ... ਤੁਸੀਂ ਮੇਰੀਆਂ ਬਿਧੀਆਂ ਦੀ ਉਲੰਘਣਾ ਕਰਕੇ ਮੇਰੇ ਵਿਰੁੱਧ ਪਾਪ ਕੀਤਾ ਹੈ। ਤੁਸੀਂ ਕੱਢ ਦਿੱਤੇ ਜਾਓਗੇ ਅਤੇ ਅਗਾਂਹ ਤੋਂ ਇਸਰਾਏਲੀਆਂ ਵਿਚ ਨਹੀਂ ਰਹੋਗੇ।" ਪਰ, ਉਸ ਤੋਂ ਬਾਅਦ ਜੋ ਉਦਾਹਰਣ ਆਉਂਦਾ ਹੈ ਉਹ ਇਸ ਗੱਲ ਵੱਲ ਇਸ਼ਾਰਾ ਕਰਦਾ ਪ੍ਰਤੀਤ ਹੁੰਦਾ ਹੈ ਕਿ "ਛੇਕੇ ਜਾਣ" ਦਾ ਅਰਥ ਮਾਰਿਆ ਜਾਣਾ ਹੈ।

ਕੀ ਅਜਿਹੇ ਪਾਪਾਂ ਦੇ ਲਈ ਕੋਈ ਭੇਟ ਚੜ੍ਹਾਈ ਜਾ ਸਕਦੀ ਸੀ? ਸ਼ਾਇਦ ਇਸ ਹਵਾਲੇ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਇਹ ਹੈ ਜੋ ਇਹ ਕਹਿੰਦਾ ਨਹੀਂ ਹੈ: ਭੇਟਾਂ ਤੇ ਅਧਿਆਇ ਵਿਚ, ਲਿਖਤ "ਜ਼ਬਰਦਸਤੀ" ਪਾਪਾਂ ਦੇ ਲਈ ਕੋਈ ਭੇਟ ਦੇਣ ਲਈ ਨਹੀਂ ਆਖਦੀ। ਅਜਿਹੇ ਪਾਪਾਂ ਦੇ ਲਈ ਕੋਈ ਭੇਟ ਨਹੀਂ ਸੀ ਦਿੱਤੀ ਜਾਣੀ; ਉਹ ਪਾਪ, ਕੋਈ ਕਹਿ ਸਕਦਾ ਹੈ ਕਿ ਮਾਫ਼ੀ ਯੋਗ ਨਹੀਂ ਸਨ। ਜਾਣਬੁੱਝ ਕੇ ਪਾਪ ਕਰਨ ਵਾਲੇ ਪਾਪੀ ਦੀ **ਭੇਸ ਉਸ ਦੇ ਉੱਤੇ** ਰਹੇਗੀ। ਅਜਿਹੇ ਪਾਪਾਂ ਦੀ ਸਜ਼ਾ ਮੌਤ ਸੀ। ਇਬਰਾਨੀਆਂ ਦੇ ਲੇਖਕ ਨੇ ਇਸ ਸਿਧਾਂਤ ਨੂੰ ਇਹ ਕਹਿੰਦੇ ਹੋਏ ਮਸੀਹੀ ਲੋਕਾਂ ਤੇ ਲਾਗੂ ਕੀਤਾ ਸੀ ਕਿ "ਜੇ ਅਸੀਂ ... ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ ਪਰ ਨਿਆਉਂ ਦੀ ਭਿਆਣਕ ਉਡੀਕ ਹੈ" (ਇਬਰਾਨੀਆਂ 10:26, 27)।

ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪ ਅਜਿਹੀ ਸਖ਼ਤ ਸਜ਼ਾ ਦੇ ਯੋਗ ਕਿਉਂ ਸਨ? ਜਿਹੜੇ "ਜ਼ਬਰਦਸਤੀ" ਪਾਪ ਕਰਦੇ ਸਨ "ਯਹੋਵਾਹ ਨੂੰ ਕੁਫ਼ਰ ਬਕਣ" ਦੇ ਦੋਸ਼ੀ ਸਨ; ਉਨ੍ਹਾਂ ਨੇ **ਯਹੋਵਾਹ ਦੀ ਬਾਣੀ ਦੀ ਹਾਨੀ ਕੀਤੀ** ਸੀ ਅਤੇ ਜਾਣਬੁੱਝ ਕੇ **ਉਸ ਦਾ ਹੁਕਮ ਤੋੜਿਆ ਸੀ**। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪਰਮੇਸ਼ੁਰ ਨੇ ਅਜਿਹੇ ਪਾਪਾਂ ਨੂੰ ਮਾਫ਼ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਬਿਧੀ ਨੂੰ ਤੋੜਨ ਵਾਲਿਆਂ ਨੂੰ ਮੌਤ ਦੀ ਸਜ਼ਾ ਦਿੱਤੀ!

ਸ਼ਾਇਦ ਕੋਈ ਇਹ ਸੋਚੇ ਕਿ "ਜ਼ਬਰਦਸਤੀ" ਅਤੇ "ਜਾਣਬੁੱਝ ਕੇ" ਕੀਤੇ ਗਏ ਪਾਪ ਸੰਬੰਧੀ ਜੋ ਬਿਧੀ ਹੈ ਉਹ ਉਸ ਪਾਪ ਤੇ ਕਿਵੇਂ ਲਾਗੂ ਹੁੰਦੀ ਹੈ ਜੋ ਇਸਰਾਏਲ ਨੇ ਹੁਣੇ ਜਿਹੇ ਕੀਤਾ ਸੀ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਸਰਾਏਲ, ਹਾਲਾਂਕਿ ਜ਼ਬਰਦਸਤੀ ਦੇ ਪਾਪ ਦਾ ਦੋਸ਼ੀ ਸੀ, ਪਰ ਉਸ ਨੂੰ "ਛੇਕਿਆ" ਨਹੀਂ ਸੀ ਗਿਆ ਅਰਥਾਤ, ਕੌਮ ਨੂੰ ਨਾਸ ਨਹੀਂ ਸੀ ਕੀਤਾ ਗਿਆ। ਇਸ ਤੱਥ ਦੇ ਲਈ ਇਕ ਸੰਭਵ ਵਿਆਖਿਆ ਇਹ ਹੈ ਕਿ ਪਰਮੇਸ਼ੁਰ ਕੋਲ ਉਸ ਦੇ ਆਪਣੇ ਨਿਯਮਾਂ ਨੂੰ ਤੋੜਨ ਦਾ ਹੱਕ ਹੈ। ਇਸ ਹਾਲਤ ਵਿਚ, ਉਸ ਦੀ ਦਯਾ ਦੇ ਕਾਰਣ ਅਤੇ ਅਬਰਾਹਾਮ ਨੂੰ ਉਸ ਦੇ ਵਾਅਦੇ ਦੇ ਕਾਰਣ, ਉਸ ਨੇ ਉਹ ਸਜ਼ਾ ਨਹੀਂ ਦਿੱਤੀ ਜੋ ਇਹ ਬਿਧੀ ਮੰਗ ਕਰਦੀ ਸੀ। ਇਕ ਹੋਰ ਵਿਆਖਿਆ ਇਹ ਹੈ ਕਿ ਪਰਮੇਸ਼ੁਰ ਨੇ ਸੱਚਮੁੱਚ ਉਸ ਦੇ ਆਪਣੇ ਨਿਯਮਾਂ ਦਾ ਪਾਲਣ ਕੀਤਾ। ਇਸਰਾਏਲ ਦੇ ਜਾਣਬੁੱਝ ਕੇ ਕੀਤੇ ਗਏ, ਡਾਢੇ ਪਾਪ ਤੋਂ ਬਾਅਦ, ਉਸ ਨੇ ਦੋਸ਼ੀ ਪੀੜ੍ਹੀ ਨੂੰ ਉਜਾੜ ਵਿਚ ਮਰਨ ਦੀ ਸਜ਼ਾ ਦਿੱਤੀ ਅਤੇ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪ ਦੇ ਲਈ ਪਰਾਸਚਿਤ ਕਰਨ ਦਾ ਮੌਕਾ ਨਹੀਂ ਦਿੱਤਾ। ਇਸ ਲਈ, ਉਨ੍ਹਾਂ ਦੀ ਆਪਣੀ ਮਰਜ਼ੀ ਨਾਲ ਕਨਾਨ ਤੇ ਕਬਜ਼ਾ ਕਰਨ ਦੀ ਉਨ੍ਹਾਂ ਦੀ ਕੋਸ਼ਿਸ਼ ਅਸਫ਼ਲ ਰਹੀ।

## ਸਬਤ ਨੂੰ ਤੋੜਨ ਵਾਲੇ ਨੂੰ ਪੱਥਰਾਂ ਨਾਲ ਮਾਰਿਆ ਜਾਣਾ (15:32-36)

**32 ਜਦ ਇਸਰਾਏਲੀ ਉਜਾੜ ਵਿੱਚ ਸਨ ਤਾਂ ਉਨ੍ਹਾਂ ਨੂੰ ਇੱਕ ਮਨੁੱਖ ਸਬਤ ਦੇ ਦਿਨ ਵਿੱਚ**

**ਲੱਕੜੀਆਂ ਚੁਗਦਾ ਹੋਇਆ ਮਿਲਿਆ। [33]ਤਾਂ ਜਿਨ੍ਹਾਂ ਨੂੰ ਉਹ ਲੱਕੜੀਆਂ ਚੁਗਦਿਆਂ ਮਿਲਿਆ ਸੀ ਓਹ ਉਸ ਨੂੰ ਮੂਸਾ, ਹਾਰੂਨ ਅਤੇ ਸਾਰੀ ਮੰਡਲੀ ਦੇ ਕੋਲ ਲਿਆਏ। [34]ਤਾਂ ਉਨ੍ਹਾਂ ਨੇ ਉਸ ਨੂੰ ਬੰਦੀ ਖਾਨੇ ਵਿੱਚ ਰੱਖਿਆ ਕਿਉਂ ਜੋ ਅਜੇ ਤੀਕ ਏਹ ਸਫ਼ਾਈ ਨਾਲ ਨਹੀਂ ਦੱਸਿਆ ਗਿਆ ਸੀ ਭਈ ਉਹ ਦੇ ਨਾਲ ਕੀ ਕੀਤਾ ਜਾਵੇ। [35]ਤਾਂ ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ ਕਿ ਉਹ ਮਨੁੱਖ ਜਰੂਰ ਮਾਰਿਆ ਜਾਵੇ। ਸਾਰੀ ਮੰਡਲੀ ਉਹ ਨੂੰ ਪੱਥਰਾਂ ਨਾਲ ਡੇਰੇ ਤੋਂ ਬਾਹਰ ਮਾਰੇ। [36]ਸੋ ਸਾਰੀ ਮੰਡਲੀ ਉਹ ਨੂੰ ਡੇਰੇ ਤੋਂ ਬਾਹਰ ਲੈ ਗਈ ਅਤੇ ਉਹ ਨੂੰ ਪੱਥਰਾਂ ਨਾਲ ਮਾਰਿਆ ਤਾਂ ਉਹ ਮਰ ਗਿਆ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 32-34.** ਜਾਣਬੁੱਝ ਕੇ ਕੀਤੇ ਗਏ ਪਾਪ ਸੰਬੰਧੀ ਬਿਧੀ ਦਾ ਉਦਾਹਰਣ ਉਸ ਗੱਲ ਦੀ ਕਹਾਣੀ ਦੁਆਰਾ ਦਿੱਤਾ ਗਿਆ ਹੈ ਜੋ ਉਸ ਸਮੇਂ ਹੋਈ **ਜਦ ਇਸਰਾਏਲੀ ਉਜਾੜ ਵਿੱਚ ਸਨ**। ਇਸ ਮੌਕੇ ਤੇ, **ਇੱਕ ਮਨੁੱਖ ਸਬਤ ਦੇ ਦਿਨ ਵਿੱਚ ਲੱਕੜੀਆਂ ਚੁਗਦਾ ਹੋਇਆ ਮਿਲਿਆ** ਜੋ ਕਿ ਸਬਤ ਦੀ ਬਿਧੀ ਦੀ ਸਿੱਧੀ ਉਲੰਘਣਾ ਸੀ। **ਉਹ ਮਨੁੱਖ** ਜਿਨ੍ਹਾਂ ਨੂੰ ਉਹ ਸਬਤ ਨੂੰ ਤੋੜਦਾ ਮਿਲਿਆ ਸੀ **ਓਹ ਉਸ ਨੂੰ ਮੂਸਾ, ਹਾਰੂਨ ਅਤੇ ਸਾਰੀ ਮੰਡਲੀ ਦੇ ਕੋਲ ਲਿਆਏ**। ਉਸ ਨੂੰ ਤਦ ਤੱਕ **ਬੰਦੀ ਖਾਨੇ ਵਿੱਚ ਰੱਖਿਆ** ਗਿਆ ਜਦੋਂ ਤੱਕ ਇਹ ਫ਼ੈਸਲਾ ਨਹੀਂ ਸੀ ਕੀਤਾ ਗਿਆ ਕਿ **ਉਹ ਦੇ ਨਾਲ ਕੀ ਕੀਤਾ ਜਾਵੇ**।

**ਆਇਤਾਂ 35, 36.** ਫਿਰ ਯਹੋਵਾਹ ਨੇ ਮੂਸਾ ਨੂੰ ਦੱਸਿਆ ਕਿ ਦੋਸ਼ੀ ਨੂੰ ਸਾਰੀ ਮੰਡਲੀ ਦੁਆਰਾ ਮਾਰ ਦਿੱਤਾ ਜਾਵੇ। ਉਸ ਨੇ ਆਖਿਆ, **ਉਹ ਮਨੁੱਖ ਜਰੂਰ ਮਾਰਿਆ ਜਾਵੇ। ਸਾਰੀ ਮੰਡਲੀ ਉਹ ਨੂੰ ਪੱਥਰਾਂ ਨਾਲ ਡੇਰੇ ਤੋਂ ਬਾਹਰ ਮਾਰੇ।** ਇਸ ਲਈ, ਉਸ ਨੂੰ **ਡੇਰੇ ਤੋਂ ਬਾਹਰ** ਲਿਜਾਇਆ ਗਿਆ ਸੀ, ਜਿੱਥੇ **ਸਾਰੀ ਮੰਡਲੀ** ਇਕੱਠੀ ਹੋਈ ਸੀ ਅਤੇ **ਉਹ ਨੂੰ ਪੱਥਰਾਂ ਨਾਲ ਮਾਰਨਾ** ਸੀ, **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ**।[9]

ਕਿਉਂਕਿ ਬਿਵਸਥਾ ਨੇ ਪਹਿਲਾਂ ਤੋਂ ਹੀ ਸਬਤ ਨੂੰ ਤੋੜਨ ਦੇ ਲਈ ਮੌਤ ਦੀ ਸਜ਼ਾ ਨਿਰਧਾਰਤ ਕੀਤੀ ਸੀ (ਕੂਚ 31:12-17; 35:1-3), ਲੋਕਾਂ ਨੂੰ ਕਿਉਂ ਨਹੀਂ ਸੀ ਪਤਾ ਕਿ ਉਸ ਨਾਲ ਕੀ ਕੀਤਾ ਜਾਣਾ ਚਾਹੀਦਾ ਸੀ ਜਿਸ ਤੇ ਸਬਤ ਨੂੰ ਤੋੜਨ ਦਾ ਦੋਸ਼ ਲਾਇਆ ਗਿਆ ਸੀ? ਪਰਮੇਸ਼ੁਰ ਨੇ ਸਤਵੇਂ ਦਿਨ ਕੰਮ ਕਰਨ ਦੁਆਰਾ ਸਬਤ ਨੂੰ ਤੋੜਨ ਦੇ ਲਈ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ ਸੀ, ਪਰ "ਕੰਮ" ਕੀ ਹੁੰਦਾ ਸੀ? ਬਿਵਸਥਾ ਕਹਿੰਦੀ ਸੀ ਕਿ ਸਬਤ ਦੇ ਦਿਨ ਅੱਗ ਬਾਲਣ ਦੀ ਮਨਾਹੀ ਸੀ, ਪਰ ਬਿਵਸਥਾ ਇਹ ਨਹੀਂ ਸੀ ਕਹਿੰਦੀ ਕਿ ਸਬਤ ਦੇ ਦਿਨ ਲੱਕੜੀਆਂ ਚੁਗਣ ਦੀ ਇਜਾਜ਼ਤ ਨਹੀਂ ਸੀ ਕਿਉਂਕਿ ਇਹ "ਕੰਮ" ਸੀ। ਇਸਰਾਏਲ ਨੂੰ ਇਸ ਗੱਲ ਤੇ ਸਪੱਸ਼ਟੀਕਰਨ ਦੀ ਲੋੜ ਸੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਪੱਸ਼ਟੀਕਰਨ ਦਿੱਤਾ। ਉਸ ਸਮੇਂ ਤੋਂ, ਇਸਰਾਏਲੀ ਜਾਣਦੇ ਸਨ ਕਿ ਨਾ ਸਿਰਫ ਸਬਤ ਨੂੰ ਤੋੜਨਾ ਪਾਪ ਸੀ ਜਿਸ ਦੀ ਸਜ਼ਾ ਪਥਰਾਓ ਕਰਕੇ ਮਾਰਿਆ ਜਾਣਾ ਸੀ, ਪਰ "ਲੱਕੜੀਆਂ ਚੁਗਣਾ" ਵੀ ਇਕ ਕੰਮ ਸੀ ਅਤੇ ਇਸ ਲਈ ਇਹ ਸਬਤ ਦੀ ਬਿਧੀ ਨੂੰ ਤੋੜਨਾ ਸੀ। ਇਸ ਤੋਂ ਇਲਾਵਾ, ਉਹ ਸਮਝ ਗਏ ਸਨ ਕਿ ਅਜਿਹਾ ਕੰਮ ਕਰਨਾ ਜਾਣਬੁੱਝ ਕੇ ਇਕ ਜ਼ਬਰਦਸਤੀ ਪਾਪ ਸੀ ਜਿਸ ਦੇ ਲਈ ਕੋਈ ਬਲੀ ਜਾਂ ਭੇਟ ਉਪਲਬਧ ਨਹੀਂ ਸੀ। ਵਾਲਟਰ ਰਿਗਨਸ ਨੇ ਮੌਤ ਦੀ ਸਜ਼ਾ ਨੂੰ ਬਿਵਸਥਾ ਅਧੀਨ ਦੱਸਿਆ ਸੀ:

> ਪੁਰਾਣੇ ਨੇਮ ਦੇ ਅਨੁਸਾਰ ਗਿਆਰਾਂ ਅਪਰਾਧ ਸਜ਼ਾ ਯੋਗ ਹਨ: ਮੂਰਤੀਪੂਜਾ (ਬਿਵਸਥਾ ਸਾਰ 17:2-7); ਮੂਰਤੀਪੂਜਾ ਕਰਨ ਦੇ ਲਈ ਹੱਲਾਸ਼ੇਰੀ ਦੇਣਾ (ਬਿਵਸਥਾ ਸਾਰ 13:6-10); ਬੱਚੇ ਦੀ ਬਲੀ (ਲੇਵੀਆਂ 20:2-5); ਕਿਸੇ ਹੋਰ ਦੇਵਤੇ ਦੇ ਨਾਮ ਵਿਚ ਅਗੰਮ ਵਾਕ (ਬਿਵਸਥਾ ਸਾਰ 13:1-5); ਜਾਦੂਗਰੀ (ਲੇਵੀਆਂ 20:27); ਦੁਰਬਚਨ (ਲੇਵੀਆਂ 24:15-16); ਸਬਤ ਨੂੰ ਤੋੜਨਾ (ਇੱਥੇ); ਬਲਦ ਦੁਆਰਾ ਕਤਲ (ਕੂਚ 21:28-29); ਵਿਭਚਾਰ (ਬਿਵਸਥਾ ਸਾਰ

22:22 ਤੋਂ ਅੱਗੇ); ਪੁੱਤ੍ਰ ਦਾ ਆਕੀ ਹੋਣਾ (ਬਿਵਸਥਾ ਸਾਰ 21:18 ਤੋਂ ਅੱਗੇ); ਪਰਮੇਸ਼ੁਰ ਨੂੰ ਸਮਰਪਿਤ ਲੁੱਟ ਦੇ ਮਾਲ ਤੇ ਉਸ ਦੀ ਪਾਬੰਦੀ ਦੀ ਉਲੰਘਣਾ (ਯਹੋਸ਼ੁਆ 7:25)।[10]

## ਯਾਦਗਾਰੀ ਦੀਆਂ ਝਾਲਰਾਂ (15:37-41)

**[37]ਯਹੋਵਾਹ ਨੇ ਮੂਸਾ ਨੂੰ ਆਖਿਆ, [38]ਇਸਰਾਏਲੀਆਂ ਨਾਲ ਗੱਲ ਕਰ ਅਤੇ ਉਨ੍ਹਾਂ ਨੂੰ ਆਖ ਕਿ ਓਹ ਆਪਣੇ ਬਸਤ੍ਰ ਦੀ ਕਿਨਾਰੀ ਉੱਤੇ ਝਾਲਰ ਆਪਣੀਆਂ ਪੀੜ੍ਹੀਆਂ ਤੀਕ ਲਾਉਣ ਅਤੇ ਨੀਲਾ ਫ਼ੀਤਾ ਹਰ ਕਿਨਾਰੀ ਦੀ ਝਾਲਰ ਉੱਤੇ ਜੜਨ। [39]ਅਤੇ ਉਹ ਤੁਹਾਡੇ ਲਈ ਇੱਕ ਝਾਲਰ ਹੋਵੇ ਤਾਂ ਜੋ ਤੁਸੀਂ ਉਹ ਨੂੰ ਵੇਖ ਕੇ ਯਹੋਵਾਹ ਦੇ ਸਾਰੇ ਹੁਕਮ ਚੇਤੇ ਰੱਖੋ ਅਤੇ ਉਨ੍ਹਾਂ ਦੇ ਅਨੁਸਾਰ ਕੰਮ ਕਰੋ ਅਤੇ ਤੁਸੀਂ ਆਪਣੇ ਮਨਾਂ ਅਤੇ ਅੱਖਾਂ ਦੀ ਲੋਚਨਾ ਅਨੁਸਾਰ ਛਨਾਲਾ ਨਾ ਕਰੋ ਜਿਵੇਂ ਤੁਸੀਂ ਕਰਦੇ ਆਏ ਹੋ। [40]ਤਾਂ ਜੋ ਤੁਸੀਂ ਮੇਰੇ ਹੁਕਮ ਚੇਤੇ ਰੱਖੋ ਅਤੇ ਉਨ੍ਹਾਂ ਉੱਤੇ ਚੱਲੋ। ਇਉਂ ਤੁਸੀਂ ਆਪਣੇ ਪਰਮੇਸ਼ੁਰ ਲਈ ਪਵਿੱਤ੍ਰ ਹੋਵੋ। [41]ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ ਜੋ ਤੁਹਾਨੂੰ ਮਿਸਰ ਦੇਸ ਤੋਂ ਲਿਆਇਆ ਹਾਂ ਤਾਂ ਜੋ ਮੈਂ ਤੁਹਾਡਾ ਪਰਮੇਸ਼ੁਰ ਹੋਵਾਂ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

**ਆਇਤਾਂ 37, 38.** ਇਸ ਅਧਿਆਇ ਵਿਚ ਆਖ਼ਰੀ ਹੁਕਮ ਉਹ ਹੁਕਮ ਹੈ ਜੋ ਇਹ ਮੰਗ ਕਰਦਾ ਸੀ ਕਿ ਇਸਰਾਏਲੀ **ਆਪਣੇ ਬਸਤ੍ਰ ਦੀ ਕਿਨਾਰੀ ਉੱਤੇ ਝਾਲਰ ਆਪਣੀਆਂ ਪੀੜ੍ਹੀਆਂ ਤੀਕ ਲਾਉਣ** (ਬਿਵਸਥਾ ਸਾਰ 22:12)। **ਹਰ ਕਿਨਾਰੀ ਦੀ ਝਾਲਰ** ਉੱਤੇ **ਨੀਲਾ ਫ਼ੀਤਾ** ਹੋਣਾ ਚਾਹੀਦਾ ਸੀ। ਨੀਲਾ ਰੰਗ ਉਨ੍ਹਾਂ ਤਿੰਨ ਖ਼ਾਸ ਰੰਗਾਂ ਵਿੱਚੋਂ ਇਕ ਸੀ ਜੋ ਡੇਰਹੇ ਦੇ ਵੱਖ-ਵੱਖ ਹਿੱਸਿਆਂ ਦੇ ਵਿਚ (ਕੂਚ 26:1, 4, 31, 36; 27:16) ਅਤੇ ਪਰਧਾਨ ਜਾਜਕਾਂ ਦੇ ਬਸਤ੍ਰਾਂ ਵਿਚ (ਕੂਚ 28:5, 6, 8, 15, 28, 31, 33, 37) ਵਰਤਿਆ ਗਿਆ ਸੀ। ਇਹ ਰੰਗ ਕਿਉਂ ਵਰਤਿਆ ਗਿਆ ਸੀ ਇਸ ਦੀ ਕਦੇ ਵਿਆਖਿਆ ਨਹੀਂ ਦਿੱਤੀ ਗਈ। ਟਿਮੋਥੀ ਆਰ. ਐਸ਼ਲੀ ਨੇ ਸੋਚਿਆ ਕਿ "ਇਹ ਸ਼ਾਹੀ ਘਰਾਣੇ ਦਾ ਮੈਂਬਰ ਹੋਣ ਦਾ ਨਿਸ਼ਾਨ ਸੀ। ਇਸਰਾਏਲ ਦਾ ਰਾਜਾ ਯਾਹਵੇਹ ਸੀ। ਇਸ ਲਈ ਨੀਲਾ ਰੰਗ ਉਸ ਦਾ ਨਿਸ਼ਾਨ ਸੀ ਜੋ ਖਾਸ ਕਰਕੇ ਉਸ ਦਾ ਸੀ।"[11]

**ਆਇਤਾਂ 39-41.** ਪਰਜਾ ਨੇ **ਝਾਲਰ** [ਝਾਲਰਾਂ] **ਨੂੰ ਵੇਖਣਾ** ਸੀ **ਆਪਣੇ ਮਨਾਂ ਅਤੇ ਅੱਖਾਂ** ਦੇ ਅਨੁਸਾਰ ਚੱਲਣ ਦੀ ਬਜਾਇ **ਯਹੋਵਾਹ ਦੇ ਸਾਰੇ ਹੁਕਮ ਚੇਤੇ ਰੱਖਣੇ ਅਤੇ ਉਨ੍ਹਾਂ ਦੇ ਅਨੁਸਾਰ ਕੰਮ ਕਰਨਾ** ਸੀ। ਆਪਣੀਆਂ ਕਾਮਨਾਵਾਂ ਦੇ ਕਾਰਣ, ਉਨ੍ਹਾਂ ਨੇ ਬੀਤੇ ਸਮੇਂ ਵਿਚ **ਛਨਾਲਾ ਕੀਤਾ ਸੀ।** ਭਵਿੱਖ ਵਿਚ, ਉਨ੍ਹਾਂ ਨੇ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕਰਨਾ **ਚੇਤੇ** ਰੱਖਣਾ ਸੀ ਤਾਂ ਕਿ ਉਹ ਉਸ ਦੇ ਲਈ ਪਵਿੱਤਰ ਹੁੰਦੇ। ਪਰਮੇਸ਼ੁਰ ਨੇ ਇਹ ਕਹਿੰਦੇ ਹੋਏ ਹੁਕਮਾਂ ਦਾ ਪਾਲਣ ਕਰਨ ਦੇ ਲਈ ਇਸਰਾਏਲੀਆਂ ਨੂੰ ਇਕ ਸਰਲ ਕਾਰਣ ਦਿੱਤਾ ਕਿ **ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ ਜੋ ਤੁਹਾਨੂੰ ਮਿਸਰ ਦੇਸ ਤੋਂ ਲਿਆਇਆ ਹਾਂ ਤਾਂ ਜੋ ਮੈਂ ਤੁਹਾਡਾ ਪਰਮੇਸ਼ੁਰ ਹੋਵਾਂ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।** ਇਸਰਾਏਲੀਆਂ ਨੇ ਪਰਮੇਸ਼ੁਰ ਦੇ ਸੁਭਾਅ ਦੇ ਕਾਰਣ, ਉਸ ਨੇ ਜੋ ਇਸਰਾਏਲੀਆਂ ਦੇ ਲਈ ਕੀਤਾ ਸੀ ਉਸ ਦੇ ਕਾਰਣ ਅਤੇ ਇਸਰਾਏਲੀਆਂ ਨਾਲ ਉਸ ਦੇ ਰਿਸ਼ਤੇ ਦੇ ਕਾਰਣ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕਰਨਾ ਚੇਤੇ ਰੱਖਣਾ ਸੀ।

## ਪ੍ਰਾਸੰਗਿਕਤਾ

### ਪਰਮੇਸ਼ੁਰ ਦੇ ਲਈ ਭੇਟਾਂ (ਅਧਿਆਇ 15)

ਅਧਿਆਇ 15 ਵਿਚ ਕਈ ਤਰ੍ਹਾਂ ਦੀਆਂ ਭੇਟਾਂ ਦੀ ਚਰਚਾ ਕੀਤੀ ਗਈ ਹੈ: ਹੋਮ ਦੀਆਂ ਭੇਟਾਂ; ਦੋ ਤਰ੍ਹਾਂ ਦੀਆਂ ਸੁਖ ਸਾਂਦ ਦੀਆਂ ਭੇਟਾਂ: ਖ਼ੁਸ਼ੀ ਦੀਆਂ ਭੇਟਾਂ ਅਤੇ ਸੁੱਖਣਾ ਦੀਆਂ ਭੇਟਾਂ (ਸੁੱਖਣਾ ਪੂਰੀ

ਕਰਨ ਦੀਆਂ ਭੇਟਾਂ); ਮੈਦੇ ਦੀਆਂ ਭੇਟਾਂ ਅਤੇ ਪੀਣ ਦੀਆਂ ਭੇਟਾਂ ਜੋ ਹੋਮ ਦੀਆਂ ਭੇਟਾਂ ਨਾਲ ਸੰਬੰਧ ਰੱਖਦੀਆਂ ਸਨ; ਤੌਣ ਦੇ ਪਹਿਲੇ ਪੇੜੇ ਦੀ ਭੇਟ ਅਤੇ ਪਾਪ ਦੀਆਂ ਭੇਟਾਂ।

ਜੇਕਰ ਅਸੀਂ ਸੋਚਦੇ ਹਾਂ ਕਿ ਇਸ ਹਵਾਲੇ ਦਾ ਸਾਡੇ ਨਾਲ ਕੋਈ ਵਾਸਤਾ ਨਹੀਂ ਹੈ, ਤਾਂ ਅਸੀਂ ਗਲਤ ਹਾਂ। ਨਵਾਂ ਨੇਮ ਉਸ ਬਲੀਦਾਨ ਦੀ ਗੱਲ ਕਰਦਾ ਹੈ ਜਿਸ ਨਾਲ ਮਸੀਹ ਨੇ ਸਾਡੇ ਪਾਪਾਂ ਨੂੰ ਦੂਰ ਕਰ ਦਿੱਤਾ (ਇਬਰਾਨੀਆਂ 9:26)। ਉਹ ਬਲੀਦਾਨ ਸਾਡੇ *ਲਈ* ਦਿੱਤਾ ਗਿਆ ਸੀ। ਨਵਾਂ ਨੇਮ ਉਨ੍ਹਾਂ ਬਲੀਦਾਨਾਂ ਦਾ ਵੀ ਜ਼ਿਕਰ ਕਰਦਾ ਹੈ ਜੋ ਮਸੀਹੀ ਹੋਣ ਦੇ ਨਾਤੇ ਸਾਡੇ *ਦੁਆਰਾ* ਦਿੱਤੇ ਜਾਂਦੇ ਹਨ (ਰੋਮੀਆਂ 12:1; ਇਬਰਾਨੀਆਂ 13:15)। ਗਿਣਤੀ 15 ਵਿਚ ਸਾਨੂੰ ਭੇਟਾਂ ਦੀਆਂ ਦੋਵੇਂ ਕਿਸਮਾਂ ਨਾਲ ਸੰਬੰਧਤ ਬਿਧੀਆਂ ਮਿਲਦੀਆਂ ਹਨ - ਅਰਥਾਤ, ਉਹ ਭੇਟਾਂ ਜੋ ਪਾਪਾਂ ਦੇ ਲਈ ਚੜ੍ਹਾਈਆਂ ਜਾਂਦੀਆਂ ਸਨ ਅਤੇ ਉਹ ਭੇਟਾਂ ਜੋ ਉਸ ਦੀ ਪਰਜਾ ਦੁਆਰਾ ਪਰਮੇਸ਼ੁਰ ਨੂੰ ਚੜ੍ਹਾਈਆਂ ਜਾਂਦੀਆਂ ਸਨ।

*ਉਸ ਸਮੇਂ ਦੀਆਂ ਭੇਟਾਂ।* ਪਰਮੇਸ਼ੁਰ ਨੇ ਆਪਣੀ ਪਰਜਾ ਇਸਰਾਏਲ ਤੋਂ ਕੀ ਉਮੀਦ ਕੀਤੀ ਸੀ? ਆਓ ਅਸੀਂ ਇਸ ਅਧਿਆਇ ਵਿਚ ਵਰਣਨ ਕੀਤੀਆਂ ਗਈਆਂ ਭੇਟਾਂ ਦੀਆਂ ਵੱਖ-ਵੱਖ ਸ਼ਰੇਣੀਆਂ ਤੇ ਨੇੜਿਓਂ ਝਾਤੀ ਮਾਰੀਏ।

1. ਸਵੀਕਾਰਯੋਗ ਭੇਟਾਂ (15:1-21)। 1 ਤੋਂ 21 ਆਇਤਾਂ ਵਿਚ ਸਵੀਕਾਰਯੋਗ ਭੇਟਾਂ ਦਾ ਵਰਣਨ ਕੀਤਾ ਗਿਆ ਹੈ। ਇਹ ਇਸਰਾਏਲੀਆਂ ਦੇ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਤੋਂ ਬਾਅਦ ਚੜ੍ਹਾਈਆਂ ਜਾਣੀਆਂ ਸਨ (15:1, 2)। ਉਹ ਭੇਟਾਂ ਆਇਤ 3 ਵਿਚ ਦੱਸੀਆਂ ਗਈਆਂ ਹਨ: ਹੋਮ ਦੀਆਂ ਭੇਟਾਂ, ਸੁਖ ਸਾਂਦ ਦੀਆਂ ਭੇਟਾਂ (ਖੁਸ਼ੀ ਦੀਆਂ ਭੇਟਾਂ ਅਤੇ ਸੁੱਖਣਾ ਪੂਰੀ ਕਰਨ ਦੀਆਂ ਭੇਟਾਂ) ਅਤੇ ਹੋਰ ਭੇਟਾਂ "ਠਹਿਰਾਏ ਹੋਏ ਸਮੇਂ" (ਸ਼ਾਇਦ ਵੱਖ-ਵੱਖ ਪਰਬਾਂ ਤੇ ਜਿਨ੍ਹਾਂ ਦੀ ਬਿਵਸਥਾ ਮੰਗ ਕਰਦੀ ਸੀ) ਤੇ ਚੜ੍ਹਾਈਆਂ ਜਾਂਦੀਆਂ ਸਨ। ਇਸ ਲਈ, ਅਧਿਆਇ ਦੇ ਇਸ ਹਿੱਸੇ ਵਿਚ ਜਿਹੜੀਆਂ ਭੇਟਾਂ ਦੱਸੀਆਂ ਗਈਆਂ ਹਨ, ਪਾਪਾਂ ਦੀ ਮਾਫ਼ੀ ਦੇ ਲਈ ਨਹੀਂ ਸਨ। ਉਨ੍ਹਾਂ ਦੀ ਚਰਚਾ ਅਧਿਆਇ ਦੇ ਅਗਲੇ ਹਿੱਸੇ ਵਿਚ ਕੀਤੀ ਗਈ ਹੈ।

ਇਨ੍ਹਾਂ ਭੇਟਾਂ ਸੰਬੰਧੀ ਹਦਾਇਤਾਂ ਵਿਚ, ਪਰਮੇਸ਼ੁਰ ਨੇ ਪਰਜਾ ਨੂੰ ਮਧ ਦੇ ਪੀਣ ਦੀ ਭੇਟ (15:5, 7 10) ਅਤੇ ਹਰ ਪਸ਼ੂ ਦੀ ਬਲੀ ਦੇ ਨਾਲ-ਨਾਲ (15:4-13) ਤੇਲ ਮਿਲੀ ਹੋਈ ਅੰਨ ਜਾਂ ਮੈਦੇ ਦੀ ਭੇਟ (15:4, 6, 9) ਦੇਣ ਦਾ ਨਿਰੇਦਸ਼ ਦਿੱਤਾ ਸੀ। ਜਿੰਨਾ ਵੱਡਾ ਪਸ਼ੂ ਹੁੰਦਾ ਸੀ, ਬਲੀ ਦੇ ਨਾਲ ਓਨੀ ਜ਼ਿਆਦਾ ਮਧ, ਮੈਦਾ ਅਤੇ ਤੇਲ ਦੇਣਾ ਪੈਂਦਾ ਸੀ (15:4-10)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਆਖਿਆ ਸੀ ਕਿ ਇਕ ਵਾਰ ਜਦੋਂ ਉਹ ਕਨਾਨ ਵਿਚ ਦਾਖਲ ਹੋ ਜਾਣਗੇ, ਉਨ੍ਹਾਂ ਨੇ ਧਰਤੀ ਦੀ ਰੋਟੀ ਦੇ ਪਹਿਲੇ ਫਲ ਚੜ੍ਹਾਉਣੇ ਸਨ (15:18-21)।

ਜਦ ਕਿ ਬਿਵਸਥਾ ਦੇ ਅਧੀਨ ਬਲੀ ਚੜ੍ਹਾਉਣ ਦੀ ਵਿਵਸਥਾ ਇਸਰਾਏਲੀਆਂ ਤੋਂ ਇਹ ਮੰਗ ਕਰਦੀ ਸੀ ਕਿ ਜਦੋਂ ਵੀ ਉਹ ਪਾਪ ਕਰਨ ਤਾਂ ਪਰਮੇਸ਼ੁਰ ਨੂੰ ਭੇਟਾਂ ਚੜ੍ਹਾਉਣ, ਪਰਜਾ ਨੇ ਬਹੁਤ ਸਾਰੇ ਮੌਕਿਆਂ ਤੇ ਭੇਟਾਂ ਚੜ੍ਹਾਈਆਂ: ਜਦੋਂ ਉਨ੍ਹਾਂ ਨੇ ਸੁੱਖਣਾ ਸੁੱਖੀਆਂ, ਜਦੋਂ ਉਹ ਧੰਨਵਾਦੀ ਸਨ, ਜਦੋਂ ਉਨ੍ਹਾਂ ਨੇ ਵੱਖ-ਵੱਖ ਪਰਬਾਂ ਨੂੰ ਮਨਾਇਆ ਅਤੇ ਹੋਰ ਸਮਿਆਂ ਤੇ ਵੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਭੇਟਾਂ ਆਪਣੀ ਮਰਜ਼ੀ ਨਾਲ ਚੜ੍ਹਾਈਆਂ ਗਈਆਂ ਸਨ; ਇਸਰਾਏਲੀਆਂ ਨੇ ਇਸ ਲਈ ਪਰਮੇਸ਼ੁਰ ਨੂੰ ਭੇਟਾਂ ਚੜ੍ਹਾਈਆਂ ਕਿਉਂਕਿ ਉਹ ਖੁਸ਼ ਦਿਲਾਂ ਨਾਲ ਉਸ ਨੂੰ ਭੇਟਾਂ ਚੜ੍ਹਾਉਣਾ ਚਾਹੁੰਦੇ ਸਨ। ਪਰ, ਉਨ੍ਹਾਂ ਭੇਟਾਂ ਦੇ ਪਰਮੇਸ਼ੁਰ ਦੇ ਅੱਗੇ ਸਵੀਕਾਰ ਕੀਤੇ ਜਾਣ ਦੇ ਲਈ, ਇਹ ਜ਼ਰੂਰੀ ਸੀ ਕਿ ਉਹ ਪਰਮੇਸ਼ੁਰ ਦੀਆਂ ਹਦਾਇਤਾਂ ਦੇ ਅਨੁਸਾਰ ਚੜ੍ਹਾਈਆਂ ਜਾਂਦੀਆਂ।

2. ਜ਼ਰੂਰੀ ਭੇਟਾਂ (15:22-29)। ਹੋਰ ਭੇਟਾਂ ਜ਼ਰੂਰੀ ਸਨ, ਇਸ ਭਾਵ ਵਿਚ ਕਿ ਉਨ੍ਹਾਂ ਦੀ ਪਾਪ ਦੀ ਮਾਫ਼ੀ ਦੇ ਲਈ ਲੋੜ ਹੁੰਦੀ ਸੀ। ਇਨ੍ਹਾਂ ਨੂੰ "ਪਾਪ ਦੀਆਂ ਬਲੀਆਂ" ਕਿਹਾ ਗਿਆ ਹੈ

(15:24, 25, 27)। 22 ਤੋਂ 29 ਆਇਤਾਂ ਵੱਖ-ਵੱਖ ਕਿਸਮ ਦੇ ਪਾਪ ਨੂੰ ਸੰਬੋਧਿਤ ਕਰਦੀਆਂ ਹਨ: "ਭੁੱਲ" ਜਾਂ "ਅਣਜਾਣਪੁਣੇ" ਵਿਚ ਕੀਤਾ ਗਿਆ ਪਾਪ। ਸਾਡਾ ਸਾਹਮਣਾ ਇਹੋ ਜਿਹੇ ਵਾਕਾਂ ਨਾਲ ਹੁੰਦਾ ਹੈ: "ਜਦ ਤੁਸੀਂ ਭੁੱਲੋ ਅਤੇ ਏਹ ਸਾਰੇ ਹੁਕਮ ਪੂਰੇ ਨਾ ਕਰੋ" (15:22); "ਜੇ ਉਹ [ਪਾਪ] ਭੁੱਲ ਕੇ ਕੀਤਾ ਗਿਆ" (15:24); "ਜੇ ਇੱਕੋ ਹੀ ਪ੍ਰਾਣੀ ਭੁੱਲ ਨਾਲ ਪਾਪ ਕਰੇ" (15:27); "ਜਦ ਉਹ ਭੁੱਲ ਕੇ ਪਾਪ ਕਰੇ" (15:28); "ਇਸਰਾਏਲੀਆਂ ਦੇ ਦੇਸੀ ਅਤੇ ਪਰਦੇਸੀ ਲਈ ਜਿਹੜਾ ਤੁਹਾਡੇ ਵਿੱਚ ਟਿਕਦਾ ਹੈ ਤੁਹਾਡੇ ਲਈ ਇੱਕੋ ਹੀ ਬਿਵਸਥਾ ਹੋਵੇ ਜੇ ਕੋਈ ਭੁੱਲ ਕੇ ਪਾਪ ਕਰੇ" (15:29)।

"ਭੁੱਲ ਕੇ" ਜਾਂ "ਅਣਜਾਣਪੁਣੇ ਵਿਚ" ਪਾਪ ਕਰਨ ਤੋਂ ਕੀ ਅਰਥ ਸੀ? ਇਹੋ ਜਿਹਾ ਪਾਪ ਵਿਅਕਤੀ ਦੀ ਪਾਪ ਬਾਰੇ ਜਾਣਕਾਰੀ ਤੋਂ ਬਿਨ੍ਹਾਂ, ਜਾਂ ਪਾਪ ਕਰਨ ਦੇ ਇਰਾਦੇ ਤੋਂ ਬਿਨ੍ਹਾਂ ਕੀਤਾ ਜਾਂਦਾ ਸੀ। ਇਹ ਅਣਜਾਣੇ ਵਿਚ, ਪਹਿਲਾਂ ਤੋਂ ਸੋਚੇ-ਵਿਚਾਰੇ ਜਾਂ ਪੂਰਵ-ਵਿਚਾਰ ਕੀਤੇ ਬਿਨ੍ਹਾਂ ਹੁੰਦਾ ਸੀ। ਇਹ ਅਜਿਹਾ ਪਾਪ ਸੀ ਜੋ ਬਿਨ੍ਹਾਂ ਕਿਸੇ ਯੋਜਨਾ, ਅਗਿਆਨਤਾ ਜਾਂ ਅਚਾਨਕ ਕੀਤਾ ਜਾਂਦਾ ਸੀ। ਅਜਿਹੇ ਪਾਪ ਦੀ ਤੁਲਨਾ "ਜ਼ਬਰਦਸਤੀ" ਪਾਪ ਕਰਨ ਨਾਲ ਕੀਤੀ ਗਈ ਹੈ (15:30) - ਉਸ ਨੂੰ ਜਾਣਦੇ ਹੋਏ ਜੋ ਸਹੀ ਹੈ ਅਤੇ ਜਾਣਬੁੱਝ ਕੇ ਉਸ ਨੂੰ ਗਲਤ ਕਰਨਾ।

ਜਦੋਂ ਪਰਜਾ ਭੁੱਲ ਕੇ ਪਾਪ ਕਰਦੀ ਸੀ ਤਾਂ ਇਸਰਾਏਲ ਵਿਚ ਕਿਹੜੇ ਕਦਮ ਉਠਾਏ ਜਾਂਦੇ ਸਨ? ਪਰਮੇਸ਼ੁਰ ਨੇ ਮੰਡਲੀ ਅਤੇ ਇਕੱਲੇ-ਇਕੱਲੇ ਵਿਅਕਤੀ ਦੋਹਾਂ ਦੇ ਲਈ ਹਦਾਇਤਾਂ ਦਿੱਤੀਆਂ ਸਨ:

> ਜਦ ਤੁਸੀਂ ਭੁੱਲੋ ਅਤੇ ਏਹ ਸਾਰੇ ਹੁਕਮ ਪੂਰੇ ਨਾ ਕਰੋ ... ਤਾਂ ਇਉਂ ਜੇ ਉਹ ਭੁੱਲ ਕੇ ਮੰਡਲੀ ਦੀਆਂ ਅੱਖਾਂ ਤੋਂ ਪਰੋਖੇ ਕੀਤਾ ਗਿਆ ਹੋਵੇ ਤਾਂ ਸਾਰੀ ਮੰਡਲੀ ਇੱਕ ਵਹਿੜਾ ਹੋਮ ਦੀ ਬਲੀ ਲਈ ਚੜ੍ਹਾਵੇ ਜਿਹੜੀ ਯਹੋਵਾਹ ਲਈ ਸੁਗੰਧਤਾ ਹੋਵੇ ਉਸ ਦੀ ਮੈਦੇ ਦੀ ਭੇਟ ਅਤੇ ਪੀਣ ਦੀ ਭੇਟ ਸਣੇ ਕਾਨੂਨ ਦੇ ਅਨੁਸਾਰ ਨਾਲੇ ਪਾਪ ਦੀ ਬਲੀ ਲਈ ਇੱਕ ਬੱਕਰਾ (15:22-24)।

ਪਰਮੇਸ਼ੁਰ ਨੇ ਮੰਗ ਕੀਤੀ ਸੀ ਕਿ ਜਾਜਕ ਪਰਜਾ ਦੇ ਲਈ ਪਰਾਸਚਿਤ ਕਰੇ। ਫਿਰ ਉਹ ਮਾਫ਼ ਕੀਤੇ ਜਾਣਗੇ ਕਿਉਂਕਿ "ਇਹ ਇਕ ਭੁੱਲ ਸੀ" (ਅਣਜਾਣਪੁਣੇ ਵਿਚ ਕੀਤਾ ਗਿਆ ਪਾਪ ਸੀ) ਅਤੇ ਕਿਉਂਕਿ ਪਰਜਾ ਉਹ ਭੇਟ ਲੈ ਕੇ ਆਈ ਸੀ ਜਿਸ ਦੀ ਮੰਗ ਕੀਤੀ ਗਈ ਸੀ (15:25, 26)।

ਜੇਕਰ ਕਿਸੇ ਪ੍ਰਾਣੀ ਨੇ - ਭਾਵੇਂ ਉਹ ਇਸਰਾਏਲੀਆਂ ਵਿੱਚੋਂ ਇਕ ਜਾਂ ਪਰਦੇਸੀ ਸੀ - ਭੁੱਲ ਕੇ ਪਾਪ ਕੀਤਾ ਸੀ, ਉਸ ਨੇ "ਪਾਪ ਦੀ ਬਲੀ ਲਈ ਇੱਕ ਸਾਲਾ ਬੱਕਰੀ ਚੜ੍ਹਾਉਣੀ" ਸੀ। ਫਿਰ ਜਾਜਕ ਉਸ ਦੇ ਲਈ ਪਰਾਸਚਿਤ ਕਰਦਾ ਸੀ ਤਾਂ ਕਿ ਉਹ ਮਾਫ਼ ਕੀਤਾ ਜਾ ਸਕੇ (15:27-29)।

3. ਵਿਅਰਥ ਭੇਟਾਂ (15:30-41)। ਗਿਣਤੀ ਦੀ ਪੁਸਤਕ ਦਾ ਇਹ ਹਿੱਸਾ ਉਨ੍ਹਾਂ ਪਾਪਾਂ ਦੇ ਬਾਰੇ ਦੱਸਦਾ ਹੈ ਜਿਨ੍ਹਾਂ ਦੇ ਲਈ ਭੇਟ ਚੜ੍ਹਾਉਣ ਦਾ ਕੋਈ ਫਾਇਦਾ ਨਹੀਂ ਸੀ। ਉਹ ਕਿਹੜੇ ਪਾਪ ਸਨ? ਪਰਮੇਸ਼ੁਰ ਨੇ ਆਖਿਆ,

> ਜਿਹੜਾ ਪ੍ਰਾਣੀ ਜ਼ਬਰਦਸਤੀ ਕੁਝ ਕਰੇ, ਭਾਵੇਂ ਦੇਸੀ ਭਾਵੇਂ ਪਰਦੇਸੀ, ਉਹ ਯਹੋਵਾਹ ਦੇ ਵਿਰੁੱਧ ਕੁਫ਼ਰ ਬਕਦਾ ਹੈ। ਉਹ ਪ੍ਰਾਣੀ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ। ਏਸ ਲਈ ਭਈ ਉਸ ਨੇ ਯਹੋਵਾਹ ਦੀ ਬਾਣੀ ਦੀ ਹਾਨੀ ਕੀਤੀ ਅਤੇ ਉਸ ਦਾ ਹੁਕਮ ਤੋੜਿਆ ਹੈ, ਉਹ ਪ੍ਰਾਣੀ ਜਰੂਰ ਹੀ ਛੇਕਿਆ ਜਾਵੇ। ਉਸ ਦੀ ਘੇਸ ਉਸ ਦੇ ਉੱਤੇ ਹੋਵੇਗੀ (15:30, 31)।

ਆਇਤ 30 ਵਿਚ ਉਹ ਵਿਅਕਤੀ ਜਿਹੜਾ "ਜ਼ਬਰਦਸਤੀ" ਪਾਪ ਕਰਦਾ ਹੈ ਉਸ ਦੀ ਤੁਲਨਾ ਉਸ ਵਿਅਕਤੀ ਨਾਲ ਕੀਤੀ ਗਈ ਹੈ ਜਿਹੜਾ "ਭੁੱਲ ਕੇ" ਪਾਪ ਕਰਦਾ ਹੈ ਜਿਵੇਂ ਕਿ ਪਿਛਲੀਆਂ ਆਇਤਾਂ ਵਿਚ ਚਰਚਾ ਕੀਤੀ ਗਈ ਸੀ। ਇਸ ਵਾਕ ਦਾ ਸ਼ਾਬਦਿਕ ਅਨੁਵਾਦ ਹੈ "ਗਲਤੀ ਨਾਲ"

(ਵੇਖੋ RSV; NRSV)। ਨਿਯਮ ਇਹ ਹੈ: ਪੁਰਾਣੇ ਨੇਮ ਵਿਚ ਬਲੀ ਚੜ੍ਹਾਉਣ ਦੀ ਵਿਵਸਥਾ ਦਾ ਉਦੇਸ਼ ਭੁੱਲ ਕੇ ਜਾਂ ਅਣਜਾਣਪੁਣੇ ਵਿਚ ਕੀਤੇ ਗਏ ਪਾਪਾਂ ਦੇ ਲਈ ਮਾਫ਼ੀ ਪ੍ਰਦਾਨ ਕਰਨਾ ਸੀ, ਨਾ ਕਿ ਉਨ੍ਹਾਂ ਪਾਪਾਂ ਦੇ ਲਈ ਜਿਹੜੇ ਜਾਣਬੁੱਝ ਕੇ, ਜ਼ਬਰਦਸਤੀ ਕੀਤੇ ਜਾਂਦੇ ਸਨ। ਇਹ ਨਿਯਮ ਵਿਖਾਉਂਦਾ ਹੈ ਕਿ ਜ਼ਬਰਦਸਤੀ ਪਾਪ ਕਰਨਾ ਕਿੰਨਾ ਭਿਆਣਕ ਹੈ: ਜਿਹੜਾ ਜਾਣਬੁੱਝ ਕੇ ਪਾਪ ਕਰਦਾ ਸੀ ਉਹ "ਯਹੋਵਾਹ ਦੇ ਵਿਰੁੱਧ ਕੁਫ਼ਰ ਬਕਦਾ" ਸੀ; ਉਸ ਨੇ "ਯਹੋਵਾਹ ਦੀ ਬਾਣੀ ਦੀ ਹਾਨੀ ਕੀਤੀ" ਸੀ ਅਤੇ "ਉਸ ਦਾ ਹੁਕਮ ਤੋੜਿਆ" ਸੀ।

"ਭੁੱਲ ਕੇ," ਜ਼ਬਰਦਸਤੀ ਪਾਪ ਕੀ ਹੈ? ਇਸ ਦਾ ਉਸ ਵਿਅਕਤੀ ਦੇ ਲਈ ਕੀ ਅਰਥ ਸੀ ਜਿਸ ਨੇ "ਪੂਰੀ ਤਰ੍ਹਾਂ ਛੇਕੇ ਜਾਣ ਦੇ ਲਈ" ਜ਼ਬਰਦਸਤੀ ਪਾਪ ਕੀਤਾ ਸੀ? ਉਨ੍ਹਾਂ ਸਵਾਲਾਂ ਦਾ ਜਵਾਬ ਦੇਣ ਦੇ ਲਈ, ਪਰਮੇਸ਼ੁਰ ਦੀ ਵੱਲੋਂ ਪ੍ਰੇਰਣਾ ਪਾਏ ਹੋਏ ਲੇਖਕ ਨੇ ਇਸ ਬਿਧੀ ਦੇ ਕਥਨ ਦਾ ਇਸ ਦੇ ਤੋੜਨ ਦੇ ਉਦਾਹਰਣ ਨਾਲ ਪਾਲਣ ਕੀਤਾ ਸੀ।

ਉਦਾਹਰਣ 15:32-36 ਵਿਚ ਦਿੱਤਾ ਗਿਆ ਹੈ। ਇਕ ਮਨੁੱਖ "ਸਬਤ ਦੇ ਦਿਨ ਵੱਿਚ ਲੱਕੜੀਆਂ ਚੁਗਦਾ" ਫੜਿਆ ਗਿਆ ਸੀ। ਲੋਕ ਇਹ ਜਾਣਨ ਦੇ ਲਈ ਕਿ ਇਸ ਨਾਲ ਕੀ ਕੀਤਾ ਜਾਣਾ ਚਾਹੀਦਾ ਹੈ ਉਸ ਨੂੰ ਮੂਸਾ ਦੇ ਕੋਲ ਲੈ ਆਏ। ਬਦਲੇ ਵਿਚ, ਮੂਸਾ ਨੇ ਪਰਮੇਸ਼ੁਰ ਨੂੰ ਪੁੱਛਿਆ ਕਿ ਮੈਂ ਕੀ ਕਰਾਂ। ਪਰਮੇਸ਼ੁਰ ਨੇ ਜਵਾਬ ਦਿੱਤਾ, "ਉਹ ਮਨੁੱਖ ਜਰੂਰ ਮਾਰਿਆ ਜਾਵੇ। ਸਾਰੀ ਮੰਡਲੀ ਉਹ ਨੂੰ ਪੱਥਰਾਂ ਨਾਲ ਡੇਰੇ ਤੋਂ ਬਾਹਰ ਮਾਰੇ।" ਲੋਕਾਂ ਨੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕੀਤਾ ਅਤੇ ਉਸ ਮਨੁੱਖ ਨੂੰ ਪੱਥਰਾਂ ਨਾਲ ਮਾਰਿਆ।

ਉਸ ਮਨੁੱਖ ਦਾ ਪਾਪ "ਜ਼ਬਰਦਸਤੀ" ਸੀ। ਉਹ ਜਾਣਦਾ ਸੀ, ਜਿਵੇਂ ਕਿ ਸਾਰੇ ਇਸਰਾਏਲੀ ਜਾਣਦੇ ਸਨ ਕਿ ਕਿਸੇ ਨੇ ਵੀ ਸਬਤ ਦੇ ਦਿਨ ਕੰਮ ਨਹੀਂ ਸੀ ਕਰਨਾ। ਵਿਰੋਧ ਵਿਚ, ਉਸ ਨੇ ਬਿਲਕੁਲ ਉਹੀ ਕੀਤਾ ਜੋ ਉਹ ਜਾਣਦਾ ਸੀ ਕਿ ਉਸ ਨੂੰ ਨਹੀਂ ਸੀ ਕਰਨਾ ਚਾਹੀਦਾ। ਇਸ ਲਈ, ਪਥਰਾਓ ਕਰਨ ਦੇ ਦੁਆਰਾ ਉਹ "ਜਰੂਰ ਹੀ ਛੇਕਿਆ ਗਿਆ" ਸੀ।

ਜਾਣਬੁੱਝ ਕੇ ਕੀਤੇ ਗਏ ਪਾਪ ਦੇ ਭਿਆਣਕ ਨਤੀਜਿਆਂ ਨੂੰ ਧਿਆਨ ਵਿਚ ਰੱਖਦੇ ਹੋਏ, ਇਸਰਾਏਲੀ ਆਪਣੇ ਆਪ ਨੂੰ ਇਹੋ ਜਿਹੇ ਤਰੀਕੇ ਨਾਲ ਪਾਪ ਕਰਨ ਤੋਂ ਬਚਾਉਣ ਦੇ ਲਈ ਕੀ ਕਰ ਸਕਦੇ ਸਨ? ਪਰਮੇਸ਼ੁਰ ਨੇ ਇਸ ਮੁਸ਼ਕਲ ਦਾ ਉਪਾਅ ਦਿੱਤਾ ਸੀ। ਉਸ ਨੇ ਇਸਰਾਏਲੀਆਂ ਨੂੰ ਨੀਲਾ ਫ਼ੀਤਾ ਹਰ ਕਿਨਾਰੀ ਦੇ ਝਾਲਰ ਤੇ ਜੜਨ ਦੀ ਹਦਾਇਤ ਦਿੱਤੀ ਸੀ, ਤਾਂ ਕਿ ਉਹ ਉਨ੍ਹਾਂ ਝਾਲਰਾਂ ਨੂੰ ਵੇਖ ਕੇ ਉਸ ਦੇ ਹੁਕਮਾਂ ਨੂੰ ਚੇਤੇ ਰੱਖ ਸਕਦੇ (15:39, 40)। ਚੇਤੇ ਰੱਖਦਿਆਂ, ਉਨ੍ਹਾਂ ਨੇ ਬਿਧੀਆਂ ਦੀ ਪਾਲਣਾ ਕਰਨੀ ਸੀ।

ਜ਼ਬਰਦਸਤੀ, ਆਕੀ ਹੋ ਕੇ, ਭੁੱਲ ਕੇ ਪਾਪ ਕਰਨ ਦੀ ਸਮੱਸਿਆ ਦਾ ਇਕਮਾਤਰ ਹੱਲ ਇਹ ਸੀ ਕਿ ਉਹ ਪਾਪ ਨਾ ਕਰਦੇ! ਚੇਤੇ ਰੱਖਣ ਦੀਆਂ ਝਾਲਰਾਂ ਦਾ ਉਦੇਸ਼ ਲੋਕਾਂ ਨੂੰ ਬਿਵਸਥਾ ਨੂੰ ਚੇਤੇ ਰੱਖਣ ਵਿਚ ਸਹਾਇਤਾ ਕਰਨਾ ਸੀ, ਤਾਂ ਕਿ ਉਹ ਇਸ ਦਾ ਪਾਲਣ ਕਰ ਸਕਦੇ ਅਤੇ ਪਾਪ ਕਰਨ ਤੋਂ ਬਚ ਸਕਦੇ।

*ਅੱਜ ਦੇ ਸਮੇਂ ਦੀਆਂ ਭੇਟਾਂ।* ਅਸੀਂ ਵੀ ਪਰਮੇਸ਼ੁਰ ਨੂੰ ਭੇਟਾਂ ਚੜ੍ਹਾਉਣੀਆਂ ਹਨ (1 ਪਤਰਸ 2:5)। ਅਸੀਂ ਵੀ ਹਰੇਕ ਨੇ ਆਪਣੀ ਦੇਹੀ ਨੂੰ ਜੀਉਂਦਾ ਬਲੀਦਾਨ (ਭੇਟ) ਕਰਕੇ ਚੜ੍ਹਾਉਣਾ ਹੈ (ਰੋਮੀਆਂ 12:1)। ਜਦੋਂ ਅਸੀਂ ਪਰਮੇਸ਼ੁਰ ਦੇ ਲਈ ਗੀਤ ਗਾਉਂਦੇ ਹਾਂ, ਅਸੀਂ ਪਰਮੇਸ਼ੁਰ ਨੂੰ ਉਸਤਤ ਦੀ ਭੇਟ ਚੜ੍ਹਾਉਂਦੇ ਹਾਂ (ਵੇਖੋ ਇਬਰਾਨੀਆਂ 13:15)। ਜਦੋਂ ਅਸੀਂ ਭਲਾ ਕਰਦੇ ਹਾਂ ਅਤੇ ਪਰਉਪਕਾਰ ਕਰਦੇ ਹਾਂ, ਅਸੀਂ ਪਰਮੇਸ਼ੁਰ ਨੂੰ ਭੇਟਾਂ ਚੜ੍ਹਾਉਂਦੇ ਹਾਂ (ਇਬਰਾਨੀਆਂ 13:16)। ਖੁਸ਼ਖ਼ਬਰੀ ਨੂੰ ਫੈਲਾਉਣ ਵਿਚ ਸਹਾਇਤਾ ਕਰਨ ਦੇ ਲਈ ਜੋ ਅਸੀਂ ਦਿੰਦੇ ਹਾਂ ਉਸ ਨੂੰ "ਧੂਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਸਮਝਿਆ ਜਾ ਸਕਦਾ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ

ਹੈ" (ਫ਼ਿਲਿੱਪੀਆਂ 4:18)। ਇਹੋ ਜਿਹੀਆਂ ਭੇਟਾਂ ਚੜ੍ਹਾਉਣ ਸੰਬੰਧੀ, ਅਸੀਂ ਪੁਰਾਣੇ ਨੇਮ ਦੀਆਂ ਉਦਾਹਰਣਾਂ ਅਤੇ ਹਦਾਇਤਾਂ ਵਿੱਚੋਂ ਘੱਟੋ-ਘੱਟ ਦੋ ਸੱਚਾਈਆਂ ਨੂੰ ਸਿੱਖ ਸਕਦੇ ਹਾਂ।

ਪਹਿਲੀ ਸੱਚਾਈ, ਸਾਨੂੰ ਪਰਮੇਸ਼ੁਰ ਨੂੰ ਦਿਲੋਂ ਅਤੇ ਖੁੱਲ੍ਹੇ ਦਿਲ ਨਾਲ ਦੇਣਾ ਚਾਹੀਦਾ ਹੈ। ਜੇਕਰ ਇਸਰਾਏਲੀਆਂ ਨੇ ਛੋਟੀ ਸ਼ਰਾ ਦੇ ਅਧੀਨ ਹੁੰਦੇ ਹੋਏ ਪਰਮੇਸ਼ੁਰ ਨੂੰ ਕਾਫ਼ੀ ਸਾਰੀਆਂ ਭੇਟਾਂ ਚੜ੍ਹਾਉਣਾ ਮਹਿਸੂਸ ਕੀਤਾ, ਕੀ ਸਾਨੂੰ ਵੀ, ਉੱਤਮ ਸ਼ਰਾ ਦੇ ਅਧੀਨ, ਉਸ ਨੂੰ ਭੇਟਾਂ ਚੜ੍ਹਾਉਣ ਦੇ ਲਈ ਜ਼ਿਆਦਾ ਖੁੱਲ੍ਹਦਿਲੇ ਮਹਿਸੂਸ ਨਹੀਂ ਕਰਨਾ ਚਾਹੀਦਾ? ਇਸਰਾਏਲੀਆਂ ਨੇ ਇਹੋ ਜਿਹੀਆਂ ਭੇਟਾਂ ਇਸ ਲਈ ਨਹੀਂ ਚੜ੍ਹਾਈਆਂ ਕਿਉਂਕਿ ਉਨ੍ਹਾਂ ਨੂੰ ਇਹ ਭੇਟਾਂ ਚੜ੍ਹਾਉਣੀਆਂ ਹੀ ਪੈਣੀਆਂ ਸਨ; ਉਨ੍ਹਾਂ ਨੇ ਇਹ ਭੇਟਾਂ ਇਸ ਲਈ ਚੜ੍ਹਾਈਆਂ ਕਿਉਂਕਿ ਉਹ ਇਹ ਭੇਟਾਂ ਚੜ੍ਹਾਉਣਾ ਚਾਹੁੰਦੇ ਸਨ!

ਦੂਜੀ ਸੱਚਾਈ, ਜੋ ਅਸੀਂ ਪਰਮੇਸ਼ੁਰ ਨੂੰ ਚੜ੍ਹਾਉਂਦੇ ਹਾਂ ਉਹ ਉਸ ਨਾਲ ਪ੍ਰਸੰਨ ਹੁੰਦਾ ਹੈ ਜਦੋਂ ਅਸੀਂ ਉਸ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹਾਂ। ਅਧਿਆਇ 15 ਵਿਚ ਭੇਟਾਂ ਨੂੰ ਬਾਰ-ਬਾਰ "ਯਹੋਵਾਹ ਲਈ ਸੁਗੰਧਤਾ" ਕਿਹਾ ਗਿਆ ਹੈ (15:3, 7, 10, 13, 14, 24; ਵੇਖੋ ਉਤਪਤ 8:20, 21)। ਪਰਮੇਸ਼ੁਰ ਨੇ ਆਪਣੀ ਪਰਜਾ ਦੀਆਂ ਭੇਟਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦਾ ਅਨੰਦ ਮਾਣਿਆ। ਜੇਕਰ ਉਹ ਉਨ੍ਹਾਂ ਨਾਲ ਪ੍ਰਸੰਨ ਸੀ, ਅਸੀਂ ਇਹ ਨਿਸ਼ਚਤ ਹੋ ਸਕਦੇ ਹਾਂ ਕਿ ਉਹ ਉਸ ਨਾਲ ਵੀ ਪ੍ਰਸੰਨ ਹੁੰਦਾ ਹੈ ਜੋ ਅੱਜ ਅਸੀਂ ਉਸ ਨੂੰ ਚੜ੍ਹਾਉਂਦੇ ਹਾਂ। ਉਦਾਹਰਣ ਦੇ ਲਈ, ਜਦੋਂ ਅਸੀਂ ਪਰਮੇਸ਼ੁਰ ਦੀ ਬੰਦਗੀ ਵਿਚ ਉਸਤਤ ਦੇ ਗੀਤਾਂ ਦੀ ਭੇਟ ਚੜ੍ਹਾਉਂਦੇ ਹਾਂ, ਸਾਨੂੰ ਇਹ ਭੇਟ ਸਵੈ-ਇੱਛਾ ਨਾਲ, ਖੁਸ਼ੀ ਨਾਲ ਅਤੇ ਅਨੰਦ ਨਾਲ ਚੜ੍ਹਾਉਣੀ ਚਾਹੀਦੀ ਹੈ। ਸਾਨੂੰ ਸੰਗੀਤ ਸੰਬੰਧੀ ਵੀ ਪਰਮੇਸ਼ੁਰ ਦੀਆਂ ਹਦਾਇਤਾਂ ਦਾ ਪਾਲਣ ਕਰਨਾ ਚਾਹੀਦਾ ਹੈ: ਸਾਨੂੰ ਗੀਤ ਗਾਉਣਾ ਚਾਹੀਦਾ ਹੈ - ਅਤੇ ਬਸ ਇੰਨਾ ਹੀ। ਸਾਨੂੰ ਇਸ ਲਈ ਸਾਜਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਸਾਨੂੰ ਦਿੱਤੀਆਂ ਗਈਆਂ ਉਸ ਦੀਆਂ ਹਦਾਇਤਾਂ ਤੋਂ ਬਾਹਰ ਜਾਣਾ ਹੋਵੇਗਾ (ਅਫ਼ਸੀਆਂ 5:19; ਕੁਲੁੱਸੀਆਂ 3:16)।

"ਪਾਪ ਦੀਆਂ ਭੇਟਾਂ" ਸੰਬੰਧੀ ਬਿਧੀਆਂ ਨੂੰ ਮਸੀਹੀ ਲੋਕਾਂ ਨੇ ਕਿਵੇਂ ਲਾਗੂ ਕਰਨਾ ਹੈ? ਇਕ ਕੰਮ ਜੋ ਸਾਨੂੰ ਕਰਨਾ ਚਾਹੀਦਾ ਉਹ ਇਹ ਹੈ ਕਿ ਸਾਨੂੰ ਅੱਜ ਦੇ ਸਮੇਂ ਦੀਆਂ ਸਾਡੀਆਂ ਭੇਟਾਂ ਦੀ ਤੁਲਨਾ ਪੁਰਾਣੇ ਨੇਮ ਦੀਆਂ ਪਾਪ ਦੀਆਂ ਭੇਟਾਂ ਨਾਲ ਨਹੀਂ ਕਰਨੀ ਚਾਹੀਦੀ। ਆਪਣੇ ਆਪ ਦੀ ਭੇਟ, ਉਸਤਤ ਦੇ ਗੀਤਾਂ ਦੀ ਸਾਡੀ ਭੇਟ, ਮਦਦ ਜੋ ਅਸੀਂ ਦੂਜਿਆਂ ਦੀ ਕਰਦੇ ਹਾਂ ਅਤੇ ਪ੍ਰਭੂ ਦੇ ਕੰਮ ਦੇ ਲਈ ਸਾਡੀਆਂ ਦਾਤਾਂ ਪਾਪ ਦੀਆਂ ਭੇਟਾਂ ਨਹੀਂ ਹਨ। ਉਹ ਸਾਡੇ ਪਾਪਾਂ ਨੂੰ ਨਹੀਂ ਮਿਟਾ ਸਕਦੀਆਂ। ਪੁਰਾਣੇ ਨੇਮ ਦੀਆਂ ਭੇਟਾਂ ਨਾਲ ਤੁਲਨਾ ਕਰਨ ਯੋਗ ਸਿਰਫ ਇੱਕੋ ਚੀਜ਼ ਹੈ ਅਤੇ ਉਹ ਹੈ ਸਲੀਬ ਉੱਤੇ ਯਿਸੂ ਮਸੀਹ ਦਾ ਬਲੀਦਾਨ। ਉਹ ਸਾਡੀ ਸਭ ਤੋਂ ਵੱਡੀ ਪਾਪ ਦੀ ਭੇਟ ਹੈ! ਉਹ ਸੰਪੂਰਣ ਭੇਟ ਹੈ, ਪੁਰਾਣੇ ਨੇਮ ਵਿਚ ਬਲਦਾਂ ਅਤੇ ਬੱਕਰੀਆਂ ਦੀਆਂ ਭੇਟਾਂ ਤੋਂ ਕਿਤੇ ਜ਼ਿਆਦਾ ਉੱਤਮ (ਇਬਰਾਨੀਆਂ 9; 10)।

ਪ੍ਰਭੂ ਦੀ ਕਲੀਸੀਆ ਦੇ ਮੈਂਬਰ ਹੋਣ ਦੇ ਨਾਤੇ, ਅਸੀਂ ਸਾਡੇ ਪਾਪਾਂ ਨੂੰ ਮਿਟਾਉਣ ਦੇ ਲਈ ਕੁਝ ਨਹੀਂ ਚੜ੍ਹਾਉਂਦੇ। ਬਲਕਿ, ਅਸੀਂ ਆਪਣੇ ਪਾਪਾਂ ਦੀ ਮਾਫ਼ੀ ਪਾਉਣ ਦੇ ਲਈ ਯਿਸੂ ਅਤੇ ਉਸ ਦੇ ਲਹੂ ਦੇ ਨਾਲ ਧੋਤੇ ਜਾਣ ਦੀ ਵੱਲ ਮੁੜਦੇ ਹਾਂ। ਜਦੋਂ ਅਸੀਂ ਪਹਿਲੀ ਵਾਰ ਵਿਸ਼ਵਾਸ ਕਰਨ ਅਤੇ ਬਪਤਿਸਮਾ ਲੈਣ ਦੁਆਰਾ ਮਸੀਹੀ ਬਣੇ ਸੀ (ਮਰਕੁਸ 16:16), ਯਿਸੂ ਦੇ ਲਹੂ ਨੇ ਸਾਡੇ ਸਾਰੇ ਪਾਪਾਂ ਨੂੰ ਧੋ ਦਿੱਤਾ ਸੀ (ਰਸੂਲਾਂ ਦੇ ਕਰਤੱਬ 22:16; ਅਫ਼ਸੀਆਂ 1:7; ਪਰਕਾਸ਼ ਦੀ ਪੋਥੀ 1:5)। ਹੁਣ, ਜਦੋਂ ਅਸੀਂ "ਚਾਨਣ ਵਿੱਚ ਚੱਲਦੇ ਹਾਂ," ਯਿਸੂ ਦਾ ਲਹੂ ਸਾਨੂੰ ਸਾਡੇ ਪਾਪਾਂ ਤੋਂ ਸ਼ੁੱਧ ਕਰਦਾ ਰਹਿੰਦਾ ਹੈ (1 ਯੂਹੰਨਾ 1:7)। ਸਾਡੀ ਜ਼ਿੰਮੇਵਾਰੀ ਹੈ ਯਿਸੂ ਦੇ ਬਲੀਦਾਨ ਨੂੰ ਸਵੀਕਾਰ ਕਰਨਾ ਤਾਂ ਜੋ, ਉਸ ਦੇ ਕੋਲੋਂ ਮਾਫ਼ੀ ਪ੍ਰਾਪਤ ਕਰਨ ਤੋਂ ਬਾਅਦ, ਅਸੀਂ ਉਸ ਦੀ ਕਿਰਪਾ ਦੇ ਲਈ ਉਸ ਨੂੰ

ਉਸਤਤ ਦੀਆਂ ਭੇਟਾਂ ਚੜ੍ਹਾ ਸਕੀਏ!

ਇਬਰਾਨੀਆਂ 10:26-31 ਵਿਚ ਨਵਾਂ ਨੇਮ ਜਾਣਬੁੱਝ ਕੇ ਕੀਤੇ ਜਾਣ ਵਾਲੇ ਪਾਪ ਸੰਬੰਧੀ ਬਿਧੀਆਂ ਦਾ ਹਵਾਲਾ ਦਿੰਦਾ ਹੈ:

> ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ। ਪਰ ਨਿਆਉਂ ਦੀ ਭਿਆਣਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ। ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਨਾ ਕੀਤੀ ਹੋਵੇ ਓਹ ਦੋਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ। ਤਾਂ ਤੁਹਾਡੇ ਖਿਆਲ ਵਿੱਚ ਉਹ ਕਿੰਨੀਕੁ ਹੋਰ ਵੀ ਕਰੜੀ ਸਜ਼ਾ ਦੇ ਜੋਗ ਠਹਿਰਾਇਆ ਜਾਵੇਗਾ ਜਿਹ ਨੇ ਪਰਮੇਸ਼ੁਰ ਦੇ ਪੁੱਤ੍ਰ ਨੂੰ ਪੈਰਾਂ ਹੇਠ ਲਤਾੜਿਆ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ। ਕਿਉਂ ਜੋ ਅਸੀਂ ਉਹ ਨੂੰ ਜਾਣਦੇ ਹਾਂ ਜਿਹ ਨੇ ਆਖਿਆ ਭਈ "ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ" ਅਤੇ ਫੇਰ ਇਹ ਕਿ ਪ੍ਰਭੂ ਆਪਣੀ ਪਰਜਾ ਦਾ ਨਿਆਉਂ ਕਰੇਗਾ। ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ!

ਇਬਰਾਨੀਆਂ ਦੀ ਪੱਤ੍ਰੀ ਦਾ ਲੇਖਕ ਪੁਰਾਣੇ ਨੇਮ ਨੂੰ ਜਾਣਦਾ ਸੀ; ਉਸ ਨੇ ਆਖਿਆ ਕਿ ਜਾਣਬੁੱਝ ਕੇ ਪਾਪ ਕਰਨ ਵਾਲੇ ਪਾਪੀਆਂ ਦੇ ਲਈ "ਫੇਰ ਕੋਈ ਬਲੀਦਾਨ ਨਹੀਂ।" ਉਸ ਨੇ ਉਸ ਸੱਚਾਈ ਨੂੰ ਮਸੀਹੀ ਯੁੱਗ ਤੇ ਲਾਗੂ ਕੀਤਾ। ਇੱਥੇ ਜੋ ਡਾਕਟ੍ਰਿਨ ਪੇਸ਼ ਕੀਤੀ ਗਈ ਹੈ ਉਹ ਇਹ ਹੈ ਕਿ ਜਿਹੜੇ ਮਸੀਹੀ ਲੋਕ ਜਾਣਬੁੱਝ ਕੇ ਪਾਪ ਕਰਦੇ ਰਹਿੰਦੇ ਹਨ ਉਨ੍ਹਾਂ ਨੂੰ ਯਿਸੂ ਦੇ ਬਲੀਦਾਨ ਦਾ ਕੋਈ ਫਾਇਦਾ ਨਹੀਂ ਹੋਵੇਗਾ। ਪੁਰਾਣੇ ਇਸਰਾਏਲੀਆਂ ਦੇ ਵਾਂਗ, ਮਸੀਹੀ ਲੋਕ ਜਿਹੜੇ ਜਾਣਬੁੱਝ ਕੇ ਪਾਪ ਕਰਦੇ ਹਨ ਉਨ੍ਹਾਂ ਦੇ ਪਾਪਾਂ ਦੇ ਲਈ ਮਾਫ਼ੀ ਦੀ ਉਮੀਦ ਨਹੀਂ ਕਰ ਸਕਦੇ।

*ਸਿੱਟਾ।* ਸਾਡੇ ਲਈ ਇਕ ਬਲੀਦਾਨ ਦਿੱਤਾ ਗਿਆ ਸੀ: ਉਹ ਬਲੀਦਾਨ ਯਿਸੂ ਨੇ ਸਲੀਬ ਉੱਤੇ ਆਪਣੀ ਜਾਨ ਦੇ ਕੇ ਦਿੱਤਾ ਸੀ। ਉਹ ਬਲੀਦਾਨ ਜ਼ਰੂਰੀ ਹੈ; ਮਸੀਹ ਦੇ ਵਹਾਏ ਗਏ ਲਹੂ ਦੁਆਰਾ ਹੋਣ ਵਾਲੇ ਫਾਇਦਿਆਂ ਤੋਂ ਬਿਨ੍ਹਾਂ ਅਸੀਂ ਨਹੀਂ ਬਚਾਏ ਜਾ ਸਕਦੇ। ਇਸ ਤੋਂ ਇਲਾਵਾ, ਅਸੀਂ ਉਸ ਪਾਪ ਦੇ ਲਈ ਦੋਸ਼ੀ ਹੋ ਸਕਦੇ ਹਾਂ ਜਿਸ ਦੇ ਲਈ ਕੋਈ ਵੀ ਬਲੀਦਾਨ ਵਿਅਰਥ ਹੈ ਜੇਕਰ ਅਸੀਂ ਜਾਣਬੁੱਝ ਕੇ ਮਸੀਹ ਵੱਲੋਂ ਬੇਮੁਖ ਹੋ ਜਾਂਦੇ ਹਾਂ ਅਤੇ ਉਸ ਤੋਂ ਦੂਰ ਰਹਿੰਦੇ ਹਾਂ। ਇਹ ਸੱਚਾਈਆਂ ਅਧਿਆਇ 15 ਵਿਚ ਪਰਗਟ ਕੀਤੀਆਂ ਗਈਆਂ ਹਨ।

## ਜੀਉਣ ਦੇ ਦੋ ਤਰੀਕੇ (15:39)

ਅਸੀਂ ਕਿਵੇਂ ਜੀਉਣਾ ਹੈ? ਕਿਵੇਂ ਸਾਨੂੰ "ਆਪਣੇ ਕਦਮ ਚੁੱਕਣੇ" ਚਾਹੀਦੇ ਹਨ? ਸਾਨੂੰ ਇਸ ਗੱਲ ਦਾ ਫ਼ੈਸਲਾ ਕਰਨ ਦੇ ਲਈ ਕਿਹੜੀ ਚੀਜ਼ ਮਦਦ ਕਰ ਸਕਦੀ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕਿਵੇਂ ਆਪਣੇ ਜੀਵਨਾਂ ਨੂੰ ਜੀਉਣਾ ਚਾਹੀਦਾ ਹੈ? ਇਸ ਸਵਾਲ ਦਾ ਜਵਾਬ ਦੇਣ ਦੇ ਲਈ ਗਿਣਤੀ 15:39 ਦੋ ਵਿਕਲਪ ਪੇਸ਼ ਕਰਦੀ ਹੈ: "ਅਤੇ ਉਹ ਤੁਹਾਡੇ ਲਈ ਇੱਕ ਝਾਲਰ ਹੋਵੇ ਤਾਂ ਜੋ ਤੁਸੀਂ ਉਹ ਨੂੰ ਵੇਖ ਕੇ ਯਹੋਵਾਹ ਦੇ ਸਾਰੇ ਹੁਕਮ ਚੇਤੇ ਰੱਖੋ ਅਤੇ ਉਨ੍ਹਾਂ ਦੇ ਅਨੁਸਾਰ ਕੰਮ ਕਰੋ ਅਤੇ ਤੁਸੀਂ ਆਪਣੇ ਮਨਾਂ ਅਤੇ ਅੱਖਾਂ ਦੀ ਲੋਚਨਾ ਅਨੁਸਾਰ ਛਨਾਲਾ ਨਾ ਕਰੋ ਜਿਵੇਂ ਤੁਸੀਂ ਕਰਦੇ ਆਏ ਹੋ।"

ਇਸ ਆਇਤ ਦੇ ਅਨੁਸਾਰ, ਅਸੀਂ ਜਾਂ ਤਾਂ ਪਰਮੇਸ਼ੁਰ ਦੇ ਹੁਕਮਾਂ ਨੂੰ ਚੇਤੇ ਰੱਖ ਸਕਦੇ ਅਤੇ ਉਨ੍ਹਾਂ ਦਾ ਪਾਲਣ ਕਰ ਸਕਦੇ ਹਾਂ, ਜਾਂ ਜੋ ਸਾਡੇ ਦਿਲ ਕਹਿੰਦੇ ਹਨ ਉਹ ਕਰ ਸਕਦੇ ਹਾਂ - ਦੂਜੇ ਸ਼ਬਦਾਂ ਵਿਚ, ਅਸੀਂ ਆਪਣੀਆਂ ਇੱਛਾਵਾਂ ਅੱਗੇ ਹਾਰ ਮੰਨ ਲੈਂਦੇ ਹਾਂ ਅਤੇ ਉਹੀ ਕਰਦੇ ਹਾਂ ਜੋ *ਅਸੀਂ* ਕਰਨਾ ਚਾਹੁੰਦੇ ਹਾਂ। ਸਾਨੂੰ ਕਿਹੜਾ ਕਰਨਾ ਚਾਹੀਦਾ ਹੈ? ਸਾਡੀਆਂ ਆਪਣੀਆਂ ਇੱਛਾਵਾਂ ਨੂੰ ਮੰਨਣਾ

ਸਾਨੂੰ ਕਿੱਧਰ ਲੈ ਕੇ ਜਾਵੇਗਾ? ਸਾਨੂੰ ਇਸਰਾਏਲੀਆਂ ਦਾ ਉਦਾਹਰਣ ਦਿੱਤਾ ਗਿਆ ਹੈ, ਜਿਹੜੇ ਉਜਾੜ ਵਿਚ ਨਾਸ ਹੋ ਗਏ (ਵੇਖੋ ਕਹਾਉਤਾਂ 14:12)। ਸਾਡੇ ਆਪਣੇ ਦਿਲਾਂ ਦੀਆਂ ਇੱਛਾਵਾਂ ਨੂੰ ਮੰਨਣ ਦੀ ਬਜਾਇ, ਆਓ ਅਸੀਂ ਪਰਮੇਸ਼ੁਰ ਦੇ ਹੁਕਮਾਂ ਨੂੰ ਚੇਤੇ ਰੱਖੀਏ ਅਤੇ ਉਨ੍ਹਾਂ ਦਾ ਪਾਲਣ ਕਰੀਏ!

## ਸੰਦਰਭ ਵਿਚ ਗਿਣਤੀ 15 ਅਧਿਆਇ

ਅਧਿਆਇ 15 ਉਸ ਕਹਾਣੀ ਨਾਲ ਕਿਵੇਂ ਸੰਬੰਧ ਰੱਖਦਾ ਹੈ ਜੋ ਅਸੀਂ ਗਿਣਤੀ ਵਿਚ ਪੜ੍ਹਦੇ ਆ ਰਹੇ ਹਾਂ? ਇਸ ਸਵਾਲ ਦਾ ਸਭ ਤੋਂ ਉੱਤਮ ਜਵਾਬ ਇਹ ਹੈ ਕਿ ਇਹ ਬਿਧੀਆਂ, ਹਿੱਸਿਆਂ ਵਿਚ, ਇਸਰਾਏਲੀਆਂ ਨੂੰ ਇਹ ਭਰੋਸਾ ਦੇਣ ਦੇ ਲਈ ਦਿੱਤੀਆਂ ਗਈਆਂ ਸਨ ਕਿ ਉਹ, ਉਨ੍ਹਾਂ ਦੇ ਪਾਪ ਦੇ ਬਾਵਜੂਦ, ਆਖ਼ਰਕਾਰ ਕਨਾਨ ਵਿਚ ਦਾਖਲ ਹੋਣਗੇ, ਜਿਵੇਂ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ। ਇਸ ਲਈ, ਇਹ ਅਧਿਆਇ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ "ਜਦ ਤੁਸੀਂ ਆਪਣੀ ਵੱਸਣ ਦੀ ਧਰਤੀ ਵਿੱਚ ਜਿਹੜੀ ਮੈਂ ਤੁਹਾਨੂੰ ਦਿੰਦਾ ਹਾਂ ਆਓ" (15:2)। ਅਧਿਆਇ 15 ਵਿਚ ਦਿੱਤੇ ਗਏ ਹੁਕਮ ਇਸ ਗੱਲ ਦਾ ਉਦਾਹਰਣ ਦਿੰਦੇ ਹਨ ਕਿ ਹਾਲਾਂਕਿ ਪਰਜਾ ਨਿਹਚਾ ਰਹਿਤ ਸੀ, ਪਰਮੇਸ਼ੁਰ ਆਪਣੇ ਵਾਅਦੇ ਦੇ ਪ੍ਰਤੀ ਹਮੇਸ਼ਾ ਵਫ਼ਾਦਾਰ ਰਹੇਗਾ (ਵੇਖੋ 2 ਤਿਮੋਥਿਉਸ 2:13)।

ਸਾਡੇ ਕੋਲ ਵੀ ਉਸੇ ਤਰ੍ਹਾਂ ਦਾ ਭਰੋਸਾ ਹੈ। ਹਾਲਾਂਕਿ ਬਹੁਤ ਸਾਰੇ ਲੋਕ ਨਾਸ ਹੋ ਜਾਣਗੇ (ਮੱਤੀ 7:13, 14) ਅਤੇ ਹਾਲਾਂਕਿ ਕੁਝ ਮਸੀਹੀ ਲੋਕ ਵੀ ਬੇਮੁਖ ਹੋ ਜਾਣਗੇ ਅਤੇ ਸਦੀਪਕ ਕਾਲ ਦੇ ਲਈ ਨਾਸ ਹੋ ਜਾਣਗੇ (ਇਬਰਾਨੀਆਂ 10:26-31), ਸੁਰਗ ਫਿਰ ਵੀ ਮੌਜੂਦ ਰਹੇਗਾ - ਅਤੇ ਜਿਹੜੇ ਵਫ਼ਾਦਾਰ ਹਨ ਉਹ ਇਸ ਦੇ ਵਿਚ ਵੜਨਗੇ (ਪਰਕਾਸ਼ ਦੀ ਪੋਥੀ 2:10)। ਇਕ ਵਿਅਕਤੀ ਦੇ ਲਈ, ਇਹ ਖੁਸ਼ਖ਼ਬਰੀ ਹੈ! ਤੁਹਾਡੇ ਆਲੇ ਦੁਆਲੇ ਦੇ ਸਾਰੇ ਲੋਕ ਨਾਸ ਹੋ ਸਕਦੇ ਹਨ (ਹਾਲਾਂਕਿ ਸਾਨੂੰ ਆਸ ਹੈ ਕਿ ਇਸ ਤਰ੍ਹਾਂ ਨਹੀਂ ਹੋਵੇਗਾ) ਅਤੇ ਤੁਸੀਂ ਫਿਰ ਵੀ ਬਚਾਏ ਜਾ ਸਕਦੇ ਹੋ! ਤੁਸੀਂ ਬਚਾਏ ਜਾ ਸਕਦੇ ਹੋ ਜੇਕਰ ਤੁਸੀਂ ਮੁਕਤੀ ਦੇ ਲਈ ਪ੍ਰਭੂ ਦੇ ਵੱਲ ਮੁੜੋਗੇ ਅਤੇ ਫਿਰ ਉਸ ਦੇ ਪ੍ਰਤੀ ਵਫ਼ਾਦਾਰ ਰਹੋਗੇ।

## ਗਿਣਤੀ 15 ਦੇ ਲਈ ਨਵੇਂ ਨੇਮ ਦੇ ਹਵਾਲੇ

ਨਵੇਂ ਨੇਮ ਦੇ ਕਈ ਹਵਾਲੇ ਗਿਣਤੀ 15 ਅਧਿਆਇ ਦਾ ਹਵਾਲਾ ਦਿੰਦੇ ਹਨ। ਯਿਸੂ ਨੇ ਆਪਣੇ ਸਮਕਾਲੀਆਂ ਦੁਆਰਾ ਦਸਵੰਧ ਦੀਆਂ ਬਿਧੀਆਂ ਦੀ ਬੜੇ ਧਿਆਨ ਨਾਲ ਪਾਲਣਾ ਕਰਨ ਦੇ ਟਿੱਪਣੀ ਕੀਤੀ ਸੀ (ਮੱਤੀ 23:23) ਅਤੇ ਪੌਲੁਸ ਨੇ ਤੌਣ ਦੇ ਪਹਿਲੇ ਪੇੜੇ ਨੂੰ ਚੜ੍ਹਾਉਣ ਦੀ ਰੀਤ ਤੇ ਟਿੱਪਣੀ ਕੀਤੀ ਸੀ (ਰੋਮੀਆਂ 11:16)। "ਯਹੋਵਾਹ ਲਈ ਸੁਗੰਧਤਾ" ਜੋ ਪੁਰਾਣੇ ਨੇਮ ਦੀਆਂ ਬਲੀਆਂ ਦਿੰਦੀਆਂ ਸਨ "ਮੁਕਤੀਦਾਤਾ ਦੇ ਅੱਗੇ ਬਲੀਦਾਨ ਕਰ ਕੇ ਧੂਪ ਦੀ 'ਸੁਗੰਧ' ਵੱਲ ਇਸ਼ਾਰਾ ਕਰਦੀਆਂ ਸਨ (ਵੇਖੋ ਅਫ਼ਸੀਆਂ 5:2)।"[12]

ਮੱਤੀ 23:5 ਵਿਚ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ਬਸਤ੍ਰਾਂ ਦੀ ਲੰਬੀ ਝਾਲਰ ਦੀ ਵੀ ਗੱਲ ਕੀਤੀ ਗਈ ਹੈ। ਬਿਮਾਰ ਨੇ ਯਿਸੂ ਦੇ ਬਸਤ੍ਰ ਦਾ ਹਿੱਸਾ ("ਪੱਲਾ"; ਮੱਤੀ 9:20; 14:36) ਜੋ ਛੋਹਿਆ ਸੀ ਸ਼ਾਇਦ ਝਾਲਰ ਹੋਵੇਗੀ।

ਇਬਰਾਨੀਆਂ ਦੇ ਲੇਖਕ ਨੇ ਜਾਜਕਾਂ ਦੁਆਰਾ ਕੀਤੀ ਜਾਣ ਵਾਲੀ ਬਲੀ ਦੀ ਵਿਵਸਥਾ ਦੀ ਤੁਲਨਾ ਮਸੀਹ ਦੀ ਵੱਡੀ ਜਾਜਕਾਈ ਨਾਲ ਕੀਤੀ ਸੀ (ਇਬਰਾਨੀਆਂ 9-13)। ਇਹ ਵਿਸਤ੍ਰਿਤ ਚਰਚਾ ਅਧਿਆਇ 15 ਵਿੱਚੋਂ ਕਈ ਸੱਚਾਈਆਂ ਦਾ ਸਮਰਥਨ ਕਰਦੀ ਹੈ ਜਿਸ ਦੇ ਵਿਚ ਇਹ ਨਿਆਉਂ ਵੀ ਸ਼ਾਮਲ ਹੈ ਕਿ ਜਾਣਬੁੱਝ ਕੇ ਕੀਤੇ ਗਏ ਪਾਪ ਦੇ ਲਈ ਕੋਈ ਬਲੀਦਾਨ ਨਹੀਂ ਹੋ ਸਕਦਾ (ਇਬਰਾਨੀਆਂ 10:26-31)।

## ਮਸੀਹੀ ਵਿਅਕਤੀ ਦੀਆਂ ਭੇਟਾਂ (ਅਧਿਆਇ 15)

ਨਵਾਂ ਨੇਮ ਇਹ ਸਪੱਸ਼ਟ ਕਰਦਾ ਹੈ ਕਿ ਮਸੀਹੀ ਲੋਕਾਂ ਨੇ ਇਸਰਾਏਲੀਆਂ ਦੇ ਵਾਂਗ ਹੋਮ ਦੀਆਂ ਬਲੀਆਂ ਨਹੀਂ ਚੜ੍ਹਾਉਣੀਆਂ ਹਨ ਜਿਨ੍ਹਾਂ ਦੀ ਉਨ੍ਹਾਂ ਕੋਲ ਬਾਕਾਇਦਾ ਮੰਗ ਕੀਤੀ ਜਾਂਦੀ ਸੀ। ਮਸੀਹ ਨੇ ਜਿਹੜਾ ਸਾਡਾ ਸੰਪੂਰਣ ਬਲੀਦਾਨ ਹੈ ਆਪਣੇ ਆਪ ਨੂੰ ਸਾਡੇ ਪਾਪਾਂ ਨੂੰ ਮਿਟਾਉਣ ਦੇ ਲਈ ਸਦਾ ਲਈ ਬਲੀਦਾਨ ਕਰਕੇ ਚੜ੍ਹਾ ਦਿੱਤਾ (ਇਬਰਾਨੀਆਂ 7:27; 10:12)। ਤਾਂ ਫਿਰ ਸਾਡਾ ਕੀ ਅਰਥ ਹੈ ਜਦੋਂ ਅਸੀਂ ਮਸੀਹੀ ਲੋਕਾਂ ਦੁਆਰਾ ਚੜ੍ਹਾਈਆਂ ਗਈਆਂ "ਭੇਟਾਂ" ਦੀ ਗੱਲ ਕਰਦੇ ਹਾਂ? ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਉਨ੍ਹਾਂ *ਆਤਮਿਕ* ਭੇਟਾਂ ਦੇ ਕੁਝ ਉਦਾਹਰਣ ਦਿੱਤੇ ਸਨ ਜੋ ਅਸੀ ਪਰਮੇਸ਼ੁਰ ਦੀ ਉਸਤਤ ਕਰਕੇ ਅਤੇ ਅਤੇ ਦੂਜਿਆਂ ਦੀ ਸੇਵਾ ਕਰਨ ਦੇ ਦੁਆਰਾ ਚੜ੍ਹਾ ਸਕਦੇ ਹਾਂ:

ਪੌਲੁਸ ਨੇ ਲਿਖਿਆ, "... ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ" (ਰੋਮੀਆਂ 12:1)।

ਪੌਲੁਸ ਦੀ ਮਦਦ ਦੇ ਲਈ ਫ਼ਿਲਿੱਪੀਆਂ ਦਾ ਦਾਨ ਸੀ "ਧੂਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ" (ਫ਼ਿਲਿੱਪੀਆਂ 4:18)।

"... ਉਸਤਤ ਦਾ ਬਲੀਦਾਨ ... ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ" (ਇਬਰਾਨੀਆਂ 13:15)।

ਪਰ ਭਲਾ ਕਰਨੋਂ ਅਤੇ ਪਰਉਪਕਾਰ ਕਰਨੋਂ ਨਾ ਭੁੱਲਿਓ ਕਿਉਂਕਿ ਅਜੇਹਿਆਂ ਬਲੀਦਾਨਾਂ ਤੋਂ ਪਰਮੇਸ਼ੁਰ ਪਰਸੰਨ ਹੁੰਦਾ ਹੈ (ਇਬਰਾਨੀਆਂ 13:16)।

"ਆਤਮਕ ਘਰ ਉੱਸਰਦੇ ਜਾਓ ਭਈ ਜਾਜਕਾਂ ਦੀ ਪਵਿੱਤਰ ਮੰਡਲੀ ਬਣੋ," ਅਸੀਂ "ਆਤਮਕ ਬਲੀਦਾਨ ਚੜ੍ਹਾਉਣੇ ਹਨ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ" (1 ਪਤਰਸ 2:5)।

---

ਟਿੱਪਣੀਆਂ

[1]ਇਸਰਾਏਲੀਆਂ ਦੇ ਧਰਤੀ ਵਿਚ ਦਾਖਲ ਹੋਣ ਸੰਬੰਧੀ ਹੋਰ ਹਵਾਲਿਆਂ ਦੇ ਲਈ, ਵੇਖੋ ਲੇਵੀਆਂ 23:10; 25:2; ਗਿਣਤੀ 15:18. [2]ਤੀਜੀ ਕਿਸਮ ਦੀ ਸੁੱਖ ਸਾਂਦ ਦੀ ਭੇਟ, "ਧੰਨਵਾਦ ਦੀ ਭੇਟ" (ਵੇਖੋ ਲੇਵੀਆਂ 7:15; 2 ਇਤਹਾਸ 29:31) ਦਾ ਇਸ ਹਵਾਲੇ ਵਿਚ ਜ਼ਿਕਰ ਕੀਤਾ ਗਿਆ ਹੈ। ਸ਼ਾਇਦ, ਇਸ ਦਾ ਵੀ ਇਨ੍ਹਾਂ ਬਿਧੀਆਂ ਦੁਆਰਾ ਵਰਣਨ ਕੀਤਾ ਗਿਆ ਹੈ। [3]ਜੇਕਬ ਮਿਲਗਰੋਮ ਦੀ ਪੁਸਤਕ ਦ ਜੇਪੀਐਸ ਟੋਰਾਹ ਕਮੈਂਟਰੀ (ਫਿਲਾਡੈਲਫੀਆ: ਜਿਊਇਸ਼ ਪਬਲੀਕੇਸ਼ਨ ਸੋਸਾਇਟੀ, 1990) ਵਿਚ ਸਫ਼ਾ 118 ਤੇ *ਗਿਣਤੀ* ਹੈ। [4]ਵਿਲੀਅਮ ਜੀ. ਡੇਵਰ ਦੀ ਪੁਸਤਕ *ਹਾਰਪਰਜ ਬਾਈਬਲ ਡਿਕਸ਼ਨਰੀ*, ਸੋਧ. ਪੌਲ ਜੇ. ਆਕਟੀਮੀਅਰ (ਸੈਨ-ਫਰਾਂਸਿਸਕੋ: ਹਾਰਪਰ ਐਂਡ ਰੋਅ, 1985) ਵਿਚ ਸਫ਼ਾ 1130 ਤੇ "ਭਾਰ ਅਤੇ ਮਾਪ" ਹੈ। [5]ਉਸੇ ਸਥਾਨ ਤੇ, 1131. [6]ਟਿਮੋਥੀ ਆਰ. ਐਸ਼ਲੀ, *ਦ ਬੁਕ ਆਫ਼ ਨੰਬਰਸ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993), 282. [7]ਮਿਲਗਰੋਮ, 121. [8]ਰਿਚਰਡ ਬੌਈਸੀ, *ਲੈਵੇਟੀਕਸ ਐਂਡ ਨੰਬਰਸ*, ਵੈਸਟਮਿੰਸਟਰ ਬਾਈਬਲ ਕੰਪੇਨੀਅਨ (ਲਾਊਸਵਿਲੇ: ਵੈਸਟਮਿੰਸਟਰ ਜੌਨ ਨੌਕਸ ਪ੍ਰੈਸ, 2008), 169. [9]ਇਹੋ ਜਿਹਾ ਉਦਾਰਹਣ ਜੋ ਕੁਫ਼ਰ ਬਕਣ ਵਾਲੇ ਦੀ ਤਕਦੀਰ ਦਾ ਵਰਣਨ ਕਰਦਾ ਹੈ, ਲੇਵੀਆਂ 24:10-23 ਵਿਚ ਮਿਲਦਾ ਹੈ। [10]ਵਾਲਟਰ ਰਿੰਗਸ ਦੀ ਪੁਸਤਕ ਦ ਡੇਲੀ ਸਟੱਡੀ ਬਾਈਬਲ ਸੀਰੀਜ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1983) ਵਿਚ ਸਫ਼ਾ 125 ਤੇ *ਗਿਣਤੀ* ਹੈ।

[11]ਐਸ਼ਲੀ, 294-95. [12]ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੋਧ. ਫਰੈਂਕ ਈ. ਗਾਬਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 826 ਤੇ "ਗਿਣਤੀ" ਹੈ।